ਬਹੁਜਨ ਸਮਾਜ ਦੇ ਰਹਿਬਰਾਂ ਦੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦਾ

# ਬਹੁਜਨ ਉਜਾਲਾ

ਸਾਲ - ਪਹਿਲਾ | ਅੰਕ - ਦੂਜਾ | ਮਾਸਿਕ ਮੈਗਜ਼ੀਨ | ਜੁਲਾਈ - 2025

ਮੁੱਖ ਸੰਪਾਦਕ : ਸੁਰਤੀ ਲਾਲ ਮਾਧੋਪੁਰੀ, ਮੋ. 62849-38848, Email : bahujanujala28@gmail.com



## ਅਮਰ ਸ਼ਹੀਦ ਸ. ਊਧਮ ਸਿੰਘ ਜੀ ਦੇ ਸ਼ਹੀਦੀ ਦਿਹਾੜੇ ’ਤੇ ਉਨ੍ਹਾਂ ਨੂੰ ਕੋਟਿਨ-ਕੋਟਿ ਨਮਨ !

**ਸ. ਊਧਮ ਸਿੰਘ ਦਾ ਜਨਮ 26 ਦਸੰਬਰ 1899, ਸ਼ਹੀਦੀ 31 ਜੁਲਾਈ 1940**

ਸੰਪਾਦਕੀ.....

# ਚੰਗੇ ਵਿਚਾਰਾਂ ਨੂੰ ਜਿਉਂਦੇ ਰੱਖੀਏ ਕਿਉਂ ਅਤੇ ਕਿਵੇਂ ?

ਕਿਸੇ ਸਮਾਜ ਦੇ ਪੁਰਖਿਆਂ ਦੁਆਰਾ ਲਿਖਿਆ ਗਿਆ ਸਾਹਿਤ, ਉਸ ਸਮਾਜ ਲਈ ਇਤਿਹਾਸ ਬਣ ਜਾਂਦਾ ਹੈ। ਸਮਾਜ ਲਈ ਵਿਰਾਸਤ ਹੁੰਦਾ ਹੈ। ਜਿਸ ਸਮਾਜ ਕੋਲ ਸਾਹਿਤ ਰੁਪੀ ਪੂੰਜੀ ਨਹੀਂ ਹੁੰਦੀ, ਭਾਵ ਕਿ ਜਿਹੜਾ ਸਮਾਜ ਆਪਣੇ ਪੁਰਖਿਆਂ ਦੁਆਰਾ ਲਿਖਿਆ ਸਾਹਿਤ ਸੰਭਾਲ ਨਹੀਂ ਸਕਿਆ, ਉਹ ਸਮਾਜ ਕਦੇ ਅੱਗੇ ਨਹੀਂ ਵਧ ਸਕਦਾ ਅਤੇ ਨਾ ਹੀ ਉਹ ਸਮਾਜ ਤਰੱਕੀ ਕਰ ਸਕਦਾ ਹੈ। ਸਾਹਿਤ ਨੂੰ ਸੰਭਾਲਣਾ ਸਮਾਜ ਦੀ ਹਰ ਬੁੱਧੀਜੀਵੀ ਵਿਅਕਤੀ ਦਾ ਫਰਜ਼ ਹੈ। ਸਾਹਿਤ ਹੀ ਸਮਾਜ ਦੀ ਵਿਰਾਸਤ ਹੈ। ਵਿਰਾਸਤ ਸਾਨੂੰ ਸਾਡੇ ਪੁਰਖਿਆਂ ਦੀਆਂ ਯਾਦਾਂ ਤਾਜ਼ਾ ਕਰਵਾਉਂਦੀ ਹੈ। ਜਿਸ ਨੂੰ ਦੇਖ ਕੇ ਪੜ੍ਹ ਕੇ ਅਸੀਂ ਆਪਣੇ ਬੱਚਿਆਂ ਨੂੰ ਪੁਰਖਿਆਂ ਬਾਰੇ ਜਾਣਕਾਰੀ ਪ੍ਰਦਾਨ ਕਰ ਸਕਦੇ ਹਾਂ। ਸਾਹਿਤ ਦਾ ਅਦਾਨ ਪ੍ਰਦਾਨ ਕਰਦੇ ਰਹਿਣਾ ਸਮਾਜ ਦੇ ਹਰ ਪੜ੍ਹੇ ਲਿਖੇ ਵਿਅਕਤੀ ਦਾ ਫਰਜ ਬਣਦਾ ਹੈ। ਕਹਿੰਦੇ ਹਨ, ਇਤਿਹਾਸ ਤਾਂ ਹੀ ਜਿੰਦਾ ਰਹਿ ਸਕਦਾ ਹੈ ਜੇਕਰ ਉਸ ਨੂੰ ਪੜ੍ਹ ਕੇ ਉਸਦਾ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕੀਤਾ ਜਾਵੇ, ਨਾ ਕਿ ਉਸ ਨੂੰ ਪੜ੍ਹ ਕੇ ਆਪਣੇ ਤੱਕ ਹੀ ਸੀਮਤ ਰੱਖਿਆ ਜਾਵੇ। ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਮੰਨਦੇ ਹਨ ਕੀ ਵਿਚਾਰ ਤਾਂ ਹੀ ਜਿੰਦਾ ਰਹਿ ਸਕਦਾ ਹੈ ਜਦੋਂ ਅਸੀਂ ਉਸਦਾ ਵੱਧ ਤੋਂ ਵੱਧ ਪ੍ਰਚਾਰ ਪ੍ਰਸਾਰ ਕਰਦੇ ਰਹਾਂਗੇ। ਕਿਸੇ ਵਿਚਾਰਕ ਵਿਅਕਤੀ ਨੂੰ ਜਿੰਦਾ ਰੱਖਣਾ ਉਸ ਦੇ ਚੰਗੇ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਕਰਕੇ ਹੀ ਉਸਨੂੰ ਜਿੰਦਾ ਰੱਖਿਆ ਜਾ ਸਕਦਾ ਹੈ।

ਇਕ ਉੱਘੇ ਵਿਦਵਾਨ ਗਾਰਜੀਅਨ ਦੁਆਰਾ ਇਹ ਵਿਚਾਰ ਪੇਸ਼ ਕੀਤਾ ਗਿਆ ਕਿ ਵਿਚਾਰਕ ਮਰਦਾ ਹੈ ਪਰ ਉਸ ਦੇ ਵਿਚਾਰ ਨਹੀਂ ਮਰਦੇ ਜੋ ਹਮੇਸ਼ਾ ਜਿੰਦਾ ਰਹਿੰਦੇ ਹਨ ਪਰ ਬਾਬਾ ਸਾਹਿਬ ਡਾਕਟਰ ਅੰਬੇਡਕਰ ਨੇ ਉਹਨਾਂ ਦੀ ਇਸ ਵਿਚਾਰ ਨੂੰ ਸਵੀਕਾਰ ਨਹੀਂ ਕੀਤਾ ਅਤੇ ਨਾ ਹੀ ਉਹ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹਨ। ਬਾਬਾ ਸਾਹਿਬ ਡਾਕਟਰ ਅੰਬੇਡਕਰ ਮੰਨਦੇ ਹਨ ਕਿ ਅਗਰ ਇੱਕ ਵਿਚਾਰਕ ਵਿਅਕਤੀ ਮਰਦਾ ਹੈ ਤਾਂ ਉਸ ਦੇ ਵਿਚਾਰ ਵੀ ਉਸਦੇ ਨਾਲ ਹੀ ਮਰ ਜਾਂਦੇ ਹਨ। ਜੇਕਰ ਉਸ ਦੇ ਵਿਚਾਰਾਂ ਦਾ ਪ੍ਰਚਾਰ ਪ੍ਰਸਾਰ ਬੰਦ ਹੋ ਜਾਵੇ। ਮਨੁੱਖ ਦੇ ਵਿਚਾਰ ਵੀ ਸਰੀਰ ਵਾਂਗ ਨਾਸ਼ਵਾਨ ਹੁੰਦੇ ਹਨ । ਜਿਵੇਂ ਇੱਕ ਪੌਦੇ ਨੂੰ ਹਰਿਆ ਭਰਿਆ ਰੱਖਣ ਲਈ ਉਸ ਨੂੰ ਪਾਣੀ ਦੀ ਲੋੜ ਹੈ, ਉਸੇ ਤਰ੍ਹਾਂ ਵਿਚਾਰਾਂ ਨੂੰ ਜਿਉਂਦਾ ਰੱਖਣ ਲਈ ਨਿਰੰਤਰ ਪ੍ਰਚਾਰ ਪ੍ਰਸਾਰ ਦੀ ਜ਼ਰੂਰਤ ਹੈ । ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਪੌਦਾ ਅਤੇ ਵਿਚਾਰਕ ਦੋਵੇਂ ਮੁਰਜਾ ਜਾਣਗੇ ਸੁੱਕ ਜਾਣਗੇ ਅੰਤ ਨੂੰ ਮਰ ਜਾਣਗੇ ਸਮਾਜ ਦੇ ਹਰ ਪੜ੍ਹੇ ਲਿਖੇ ਵਿਅਕਤੀ ਨੂੰ ਹਮੇਸ਼ਾ ਸਾਹਿਤ ਪੜ੍ਹਦੇ ਰਹਿਣਾ ਚਾਹੀਦਾ ਹੈ ਜਿੱਥੋਂ ਵੀ ਚੰਗਾ ਸਾਹਿਤ ਪੜ੍ਹਨ ਨੂੰ ਮਿਲਦਾ ਹੈ ਜਿਸ ਤੋਂ ਸਾਨੂੰ ਕੁਝ ਸਿੱਖਿਆ ਪ੍ਰਾਪਤ ਹੁੰਦੀ ਹੈ ਚੰਗੀ ਸਿੱਖਿਆ ਮਿਲਦੀ ਹੈ ਉਸਨੂੰ ਪੜ੍ਹਨਾ ਚਾਹੀਦਾ ਹੈ ਅਤੇ ਉਸਦਾ ਪ੍ਰਚਾਰ ਪ੍ਰਸਾਰ ਕਰਦੇ ਰਹਿਣਾ ਚਾਹੀਦਾ ਹੈ। ਗਿਆਨ/ਸਿੱਖਿਆ ਹਮੇਸ਼ਾ ਫੈਲਾਉ ਦੀ ਮੰਗ ਕਰਦੇ ਹਨ। ਇਸ ਦਾ ਪ੍ਰਚਾਰ ਪ੍ਰਸਾਰ ਸਦਾ ਹੀ ਹੁੰਦਾ ਰਹਿਣਾ ਚਾਹੀਦਾ ਹੈ ਜਿਵੇਂ ਘੜੀ ਦੀਆਂ ਸੂਈਆਂ 24 ਘੰਟੇ ਲਗਾਤਾਰ ਆਪਣਾ ਸਫਰ ਕਰਦੀਆਂ ਰਹਿੰਦੀਆਂ ਹਨ ਇਵੇਂ ਹੀ ਸਾਨੂੰ ਵੀ ਚੰਗੇ ਸਾਹਿਤ ਇਤਿਹਾਸ ਅਤੇ ਵਿਚਾਰਾਂ ਦੇ ਪ੍ਰਚਾਰ ਪ੍ਰਸਾਰ ਲਈ ਬਿਨਾਂ ਰੁਕੇ ਜੁਟੇ ਰਹਿਣਾ ਚਾਹੀਦਾ ਹੈ।

ਜੇਕਰ ਅਸੀਂ ਚੰਗੇ ਸਾਹਿਤ, ਇਤਿਹਾਸ ਅਤੇ ਵਿਚਾਰਾਂ ਨੂੰ ਆਪ ਪੜ੍ਹ ਲਿਆ ਆਪਣੇ ਤੱਕ ਹੀ ਸੀਮਤ ਰੱਖਿਆ ਤਾਂ ਇਹ ਗੱਲ ਉਸ ਤਰ੍ਹਾਂ ਦੀ ਜਾਪੇਗੀ ਕਿ ਸਾਹਿਤ ਦੀਆਂ ਕਿਤਾਬਾਂ ਅਤੇ ਵਿਚਾਰਾਂ ਦੇ ਭੰਡਾਰ ਨੂੰ ਅਸੀਂ ਤਾਲਾ ਮਾਰ ਦਿੱਤਾ। ਭਾਵ ਕਿ ਕਿਤਾਬਾਂ ਲੈ ਕੇ ਉਹਨਾਂ ਨੂੰ ਘਰ ਦੀ ਲਾਇਬ੍ਰੇਰੀ ਜਾਂ ਅਲਮਾਰੀ ਵਿੱਚ ਸਜਾ ਲਿਆ ਪੜ੍ਹਿਆ ਨਹੀਂ। ਕਹਿੰਦੇ ਹਨ ਕਿ ਕਿਤਾਬਾਂ ਦੀ ਜਗਹਾ ਹਮੇਸ਼ਾ ਬੰਦ ਅਲਮਾਰੀ ਵਿੱਚ ਨਹੀਂ ਮਨੁੱਖ ਦੇ ਹੱਥਾਂ ਵਿੱਚ ਹੋਣੀ ਚਾਹੀਦੀ ਹੈ। ਆਓ ਅਸੀਂ ਪ੍ਣ ਕਰੀਏ ਕਿ ਮੋਬਾਈਲਾਂ ਨਾਲ ਬਿਤਾ ਰਹੇ ਜ਼ਿੰਦਗੀ ਨੂੰ ਕਿਤਾਬੀ ਜ਼ਿੰਦਗੀ ਬਣਾਈਏ ਅਤੇ ਚੰਗੇ ਵਿਚਾਰ ਸਹਿਤ ਅਤੇ ਇਤਿਹਾਸ ਦੇ ਪ੍ਰਚਾਰ ਪ੍ਰਸਾਰ ਲਈ ਜੁੱਟ ਜਾਈਏ। ਜੇਕਰ ਅਸੀਂ ਸਮਾਜ ਨੂੰ ਬਿਹਤਰ ਬਣਾਉਣ ਲਈ ਸਮਾਜ ਦੀ ਤਰੱਕੀ ਲਈ ਚੰਗੀ ਸੋਚ ਰੱਖਦੇ ਹਾਂ ਤਾਂ ਸਾਨੂੰ ਆਪਣੇ ਰਹਿਬਰਾਂ ਦਾ ਇਤਿਹਾਸ, ਸਾਹਿਤ ਅਤੇ ਵਿਚਾਰਾਂ ਨੂੰ ਸਮਾਜ ਦੀਆਂ ਸੱਥਾਂ ਤੱਕ ਲੈ ਕੇ ਜਾਈਏ। ਸਮਾਜ ਦੇ ਲੋਕਾਂ ਨੂੰ ਨੂੰ ਸਹੀ ਦਿਸ਼ਾ ਪ੍ਰਦਾਨ ਕਰਨ ਦਾ ਫਰਜ਼ ਨਿਭਾਈਏ ਤਾਂ ਜੋ ਸਾਡੇ ਸਮਾਜ ਦੀ ਲੋਕ ਤਰੱਕੀ ਕਰਨ, ਆਪਣਾ ਤੇ ਆਪਣੇ ਬੱਚਿਆਂ ਦਾ ਭਵਿੱਖ ਉਜਵਲ ਬਣਾਉਣ ਲਈ ਪੜ੍ਹੋ-ਸੰਘਰਸ਼ ਕਰੋ-ਜੁੜੋ ਤਹਿਤ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ ਸੁਪਨਾ ਪੂਰਾ ਕਰਨ ਲਈ ਜਦੋ ਜਹਿਦ ਕਰੀਏ।


ਸੁਰਤੀ ਲਾਲ ਮਾਧੋਪੁਰੀ
ਪਿੰਡ ਮਾਧੋਪੁਰ ਨਜ਼ਦੀਕ ਭੋਗਪੁਰ ਜ਼ਿਲ੍ਹਾ ਜਲੰਧਰ,
ਮੋਬਾਈਲ 6284 938 848

# ਸੁਨਾਮ ਦਾ ਅਮਰ ਸ਼ਹੀਦ ਸਰਦਾਰ ਊਧਮ ਸਿੰਘ

ਸੂਰਤੀ ਲਾਲ ਮਾਧੋਪੁਰੀ



ਭਾਰਤ ਵਿੱਚ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦੀ ਮੰਗ ਤੇਜ਼ ਹੁੰਦੀ ਜਾ ਰਹੀ ਸੀ । ਅੰਗਰੇਜ਼ ਸਰਕਾਰ ਭਾਰਤੀਆਂ ਦੀ ਇਹ ਮੰਗ ਨੂੰ ਕਈ ਸਾਲਾਂ ਤੋਂ ਟਾਲਦੀ ਆ ਰਹੇ ਸੀ। ਨੌਜਵਾਨਾਂ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਕੱਠੇ ਹੋ ਕੇ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ ਜੋ ਇੱਕ ਲਹਿਰ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਸੀ । ਭਾਰਤ ਦੀ ਆਜ਼ਾਦੀ ਦੀ ਲਹਿਰ ਜ਼ੋਰ ਫੜਦੀ ਜਾ ਰਹੀ ਸੀ। ਇਸ ਲਹਿਰ ਨੂੰ ਜ਼ੋਰ ਫੜਦੀ ਦੇਖ ਕੇ ਅੰਗਰੇਜ਼ੀ ਸਰਕਾਰ ਨੇ ਭਾਰਤ ਵਿੱਚ ਉਹਨਾਂ ਸਮਾਗਮਾਂ ਤੇ ਰੋਕ ਲਗਾ ਦਿੱਤੀ ਜੋ ਆਜ਼ਾਦੀ ਨਾਲ ਸਬੰਧਤ ਸਨ। ਜਿੱਥੇ ਕਿਤੇ ਵੀ ਭਾਰਤ ਵਿੱਚ ਆਜ਼ਾਦੀ ਨਾਲ ਸੰਬੰਧਿਤ ਕੋਈ ਸਭਾ ਸੁਸਾਇਟੀ ਦਾ ਸਮਾਗਮ ਹੁੰਦਾ, ਅੰਗਰੇਜ਼ ਸਰਕਾਰ ਉਸ ਨੂੰ ਕੁਚਲਣ ਦਾ ਯਤਨ ਕਰਦੀ ਅਤੇ ਸਮਾਗਮ ਕਰਨ ਵਾਲਿਆਂ ਨੂੰ ਗ੍ਰਿਫਤਾਰ ਕਰ ਲੈਂਦੀ ਨੋ ਅਪੀਲ ਨੋ ਦਲੀਲ ਤਹਿਤ ਉਹਨਾਂ ਨੂੰ ਜੇਲਾਂ ਵਿੱਚ ਬੰਦ ਕਰ ਦਿੱਤਾ ਜਾਂਦਾ। ਇਸੇ ਤਰ੍ਹਾਂ ਦਾ ਹੀ ਇੱਕ ਪ੍ਰੋਗਰਾਮ ਪੰਜਾਬ ਵਿੱਚ ਗੁਰੂਆਂ ਦੀ ਧਰਤੀ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਬਿਲਕੁਲ ਨਜ਼ਦੀਕ ਜਲਿਆਂਵਾਲਾ ਬਾਗ ਵਿੱਚ 13 ਅਪ੍ਰੈਲ 1919 ਨੂੰ ਸ਼ਾਂਤਮਈ ਚੱਲ ਰਿਹਾ ਸੀ।

ਸ਼ਾਂਤਮਈ ਢੰਗ ਨਾਲ ਚੱਲ ਰਹੇ ਇਸ ਸਮਾਗਮ ਨੂੰ ਕਦੋਂ ਖੂਨੀ ਸਾਕੇ ਵਿੱਚ ਅੰਗਰੇਜ਼ ਸਰਕਾਰ ਨੇ ਬਦਲ ਦਿੱਤਾ ਪਤਾ ਹੀ ਨਹੀਂ ਲੱਗਾ, ਚਾਰੇ ਪਾਸੇ ਲਾਸ਼ਾਂ ਹੀ ਲਾਸ਼ਾਂ ਖੂਨ ਨਾਲ ਲੱਥ ਪੱਥ ਸਨ। ਬਚੇ ਹੋਏ ਲੋਕ ਜ਼ਖਮੀ ਹਾਲਤ ਵਿੱਚ ਤਰਾਹ ਤਰਾਹ ਕਰ ਰਹੇ ਸਨ । ਇਸ ਖੂਨੀ ਸਾਕੇ ਨੂੰ ਇਕ ਵੀਹਾਂ ਸਾਲਾਂ ਦੇ ਨੌਜਵਾਨ ਨੇ ਅੱਖੀ ਵੇਖਿਆ ਜਿਸਦਾ ਨਾਂ ਊਧਮ ਸਿੰਘ ਸੀ ਜਿਸ ਦਾ ਜਨਮ 26 ਦਸੰਬਰ 1899 ਈ: ਨੂੰ ਪਿਤਾ ਸਰਦਾਰ ਟਹਿਲ ਸਿੰਘ ਅਤੇ ਮਾਤਾ ਹਰਨਾਮ ਕੌਰ ਦੀ ਕੁੱਖੋਂ ਜ਼ਿਲ੍ਹਾ ਸੰਗਰੂਰ ਦੇ ਪਿੰਡ ਸੁਨਾਮ ਵਿਖੇ ਹੋਇਆ। ਊਧਮ ਸਿੰਘ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਹੁੰਦਾ ਸੀ, ਜੋ ਬਾਅਦ ਵਿੱਚ ਊਧਮ ਸਿੰਘ ਹੋਇਆ। ਊਧਮ ਸਿੰਘ ਦਾ ਇੱਕ ਭਰਾ ਵੀ ਸੀ , ਜਿਸ ਦਾ ਬਚਪਨ ਦਾ ਨਾਂ ਮੁਕਤ ਸਿੰਘ ਸੀ। ਜੋ ਬਾਅਦ ਵਿੱਚ ਸਾਧੂ ਸਿੰਘ ਦੇ ਨਾਮ ਨਾਲ ਜਾਣਿਆ ਗਿਆ। ਬਚਪਨ ਅਵਸਥਾ ਵਿੱਚ ਕੀ ਆਪ ਜੀ ਦੀ ਮਾਤਾ ਹਰਨਾਮ ਕੌਰ 1901 ਈ: ਨੂੰ ਆਪ ਨੂੰ ਸਦੀਵੀ ਵਿਛੋੜਾ ਦੇ ਗਏ

ਆਪ ਜੀ ਦੇ ਪਿਤਾ ਜੀ ਸਰਦਾਰ ਟਹਿਲ ਸਿੰਘ ਉਸ ਸਮੇਂ ਰੇਲਵੇ ਵਿਭਾਗ ਵਿੱਚ ਚੌਂਕੀਦਾਰ ਦੀ ਨੌਕਰੀ ਕਰਦੇ ਸਨ ਜੋ ਕਿ ਪਿੰਡ ਉਪਲੀ ਦੇ ਰੇਲਵੇ ਕਰਾਸਿੰਗ ਤੇ ਚੌਂਕੀਦਾਰ ਦੀ ਡਿਊਟੀ ਦੇ ਰਹੇ ਸਨ ।ਜੋ ਸੰਨ 1907 ਨੂੰ ਆਪ ਨੂੰ ਸਦੀਵੀ ਵਿਛੋੜਾ ਦੇ ਗਏ ਦੀ ਗਏ। ਜੇਕਰ ਸੋਚਿਆ ਜਾਵੇ ਕਿ ਅੱਠ ਸਾਲ ਦੀ ਉਮਰ ਦੇ ਬੱਚਿਆਂ ਦੇ ਸਿਰ ਤੋਂ ਮਾਤਾ ਪਿਤਾ ਦਾ ਸਾਇਆ ਸਦਾ ਲਈ ਉੱਠ ਜਾਣਾ ਅਤੇ ਉਹ ਬੱਚੀ ਯਤੀਮ ਹੋ ਜਾਣ ਜਿਨ੍ਹਾਂ ਦਾ ਕੋਈ ਵਾਲੀ ਵਾਰਸ ਨਾ ਹੋਵੇ ਉਹਨਾਂ ਦੀ ਮਨ ਤੇ ਕੀ ਬੀਤਦੀ ਹੋਵੇਗੀ

ਯਤੀਮ ਹੋਏ ਊਧਮ ਸਿੰਘ ਅਤੇ ਉਸਦੇ ਭਰਾ ਸਾਧੂ ਸਿੰਘ ਨੂੰ ਉਹਨਾਂ ਦੇ ਕਿਸੇ ਰਿਸ਼ਤੇਦਾਰ ਵੱਲੋਂ ਜੋ ਉਸ ਸਮੇਂ ਅੰਮ੍ਰਿਤਸਰ ਵਿਖੇ ਰਾਗੀ ਸਿੰਘ ਵਜੋਂ ਸੇਵਾ ਕਰ ਰਿਹਾ ਸੀ ਨੇ ਉਹਨਾਂ ਦੋਹਾਂ ਭਰਾਵਾਂ ਨੂੰ ਪੁਤਲੀ ਘਰ ਅੰਮ੍ਰਿਤਸਰ ਵਿਖੇ ਸਥਿਤ ਕੇਂਦਰੀ ਖਾਲਸਾ ਯਤੀਮ ਘਰ ਵਿਖੇ ਪੜ੍ਹਨੇ ਪਾ ਦਿੱਤਾ।ਇਥੇ ਊਧਮ ਸਿੰਘ ਨੇ 1917 ਵਿੱਚ ਦਸਵੀਂ ਜਮਾਤ ਪਾਸ ਕਰ ਲਈ ਸੀ । ਇਸੇ ਦੌਰਾਨ ਉਧਮ ਸਿੰਘ ਨੇ ਭਾਰਤ ਦੀ ਆਜ਼ਾਦੀ ਨਾਲ ਸਬੰਧਤ ਸਮਾਗਮਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ ਸੀ ।ਊਧਮ ਸਿੰਘ ਦਾ ਪਰਿਵਾਰ ਗੋਤ ਜੰਮੂ ਤੇ ਕੰਬੋਜ ਸਿੱਖ ਬਿਰਾਦਰੀ ਨਾਲ ਸੰਬੰਧਿਤ ਸੀ ਅਤੇ ਆਪ ਉੱਪਰ ਸਿੱਖ ਇਤਿਹਾਸ ਦਾ ਕਾਫੀ ਅਸਰ ਸੀ।

13 ਅਪ੍ਰੈਲ 1919 ਨੂੰ ਅੰਮ੍ਰਿਤਸਰ ਸ਼ਹਿਰ ਵਿਖੇ ਨਜ਼ਦੀਕ ਹਰਿਮੰਦਰ ਸਾਹਿਬ ਜਲਿਆਂਵਾਲਾ ਬਾਗ ਵਿੱਚ ਵਾਪਰੀ 19 ਸਾਕੇ ਦਾ ਊਧਮ ਸਿੰਘ ਦੇ ਮਨ ਤੇ ਬਹੁਤ ਗਹਿਰਾ ਅਸਰ ਪਿਆ ਇਸ ਖ਼ੂਨੀ ਸਾਕੇ ਦੀ ਘਟਨਾ ਤੋਂ ਬਾਅਦ ਉਧਮ ਸਿੰਘ ਨੇ ਜਲਿਆਂਵਾਲਾ ਬਾਗ ਦੀ ਖੂਨ ਨਾਲ ਭਿੱਜੀ ਹੋਈ ਮਿੱਟੀ ਆਪਣੇ ਹੱਥਾਂ ਵਿੱਚ ਲੈ ਕੇ ਜਲਿਆਂਵਾਲਾ ਵਾਕ ਕਤਲੇ ਆਮ ਦੇ ਮੁੱਖ ਦੋਸੀ ਮਾਈਕਲ ਅਡਵਾਇਰ ਤੋਂ ਬਦਲਾ ਲੈਣ ਦੀ ਕਸਮ ਖਾਧੀ ਅਤੇ ਪ੍ਰਣ ਲਿਆ ਆਪਣੇ ਮਿਸ਼ਨ ਨੂੰ ਪੂਰਾ ਕਰਨ ਲਈ ਉਹਨਾਂ ਇਸ ਸਾਕੇ ਦਾ ਦਰਦ ਆਪਣੇ ਸੀਨੇ ਵਿੱਚ ਜਿਉਂਦਾ ਰੱਖਿਆ।

13 ਅਪ੍ਰੈਲ 1919 ਵਿਸਾਖੀ ਵਾਲੇ ਦਿਨ ਜਲਿਆਂਵਾਲਾ ਬਾਗ ਵਿੱਚ ਚੱਲ ਰਹੇ ਸ਼ਾਂਤਮਈ ਸਮਾਗਮ ਵਿੱਚ ਹਜ਼ਾਰਾਂ ਲੋਕ ਇਕੱਠੇ ਹੋਏ ਸਨ। ਜਿਸ ਦੀ ਖਬਰ ਕਿਸੇ ਮੁਖਬਰ ਵਲੋਂ ਉਸ ਸਮੇਂ ਦੇ ਗਵਰਨਰ ਜਨਰਲ ਮਾਈਕਲ ਅਡਵਾਇਰ ਨੂੰ ਜਾ ਦਿੱਤੀ ਜਿਸ ਨੇ ਬਿਨ੍ਹਾਂ ਸਮਾਂ ਗਵਾਏ ਅੰਗਰੇਜ਼ ਸੈਨਿਕਾਂ ਨੂੰ ਨਾਲ ਲੈ ਕੇ ਜਲਿਆਂਵਾਲਾ ਬਾਗ ਨੂੰ ਚਾਰੇ ਪਾਸਿਓਂ ਆਣ ਘੇਰਿਆ ਅਤੇ ਬਿਨਾਂ ਕੋਈ ਕਾਰਨ ਪੁੱਛੇ, ਬਿਨਾਂ ਕੋਈ ਚਿਤਾਵਨੀ ਦਿੱਤੇ ਹਜ਼ਾਰਾਂ ਨਹੱਥੇ ਲੋਕਾਂ ਉੱਤੇ ਗੋਲੀ ਵਾਰੀ ਕਰਨੀ ਸ਼ੁਰੂ ਕਰ ਦਿੱਤੀ ।ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਬਾਹਰ ਨਿਕਲਣ ਦੀ ਕੋਸ਼ਿਸ਼ ਕੀਤੀ ਪਰ ਨਿਕਲ ਨਾ ਸਕੇ, ਕੁਝ ਲੋਕਾਂ ਨੇ ਆਪਣੀ ਜਾਨ ਬਚਾਉਣ ਲਈ ਬਾਗ ਵਿੱਚ ਬਣੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ। ਪਰ ਉਹ ਫਿਰ ਵੀ ਬਚ ਨਾ ਸਕੇ । ਅੱਜ ਵੀ ਇਹ ਸਹੀਦੀ ਖੂਹ ਜਲਿਆਂਵਾਲਾ ਵਾਲਾ ਬਾਗ ਵਿੱਚ ਮੌਜੂਦ ਹੈ।ਇਸ ਇਤਿਹਾਸਿਕ ਜਗ੍ਹਾ ਨੂੰ ਦੇਖਣ ਲਈ ਅੱਜ ਵੀ ਦੂਰੋਂ ਦੂਰੋਂ ਦੇਸਾਂ ਵਿਦੇਸ਼ਾਂ ਤੋਂ ਸੈਲਾਨੀ ਆਉਂਦੇ ਹਨ ਅਤੇ ਜਲਿਆਂਵਾਲਾ ਵਾਗ ਦੇ ਖ਼ੂਨੀ ਸਾਕੇ ਸਬੰਧੀ ਜਾਣਕਾਰੀ ਲੈਂਦੇ ਹਨ। ਕਈ ਇਤਿਹਾਸਕਾਰ ਬੁੱਧੀਜੀਵੀ ਆਪਣੀਆਂ ਲਿਖਤਾਂ ਰਾਹੀਂ ਜਲਿਆਂ ਵਾਲਾ ਵਾਗ ਦਾ ਖ਼ੂਨੀ ਇਤਿਹਾਸ ਲੋਕਾਂ ਤੱਕ ਪਹੁੰਚਾਉਣ ਦਾ ਯਤਨ ਕਰਦੇ ਹਨ।

ਜਨਰਲ ਡਾਇਰ ਦੇ ਹੁਕਮ ਤੇ ਅੰਗਰੇਜ਼ ਸੈਨਿਕਾਂ ਨੇ ਲਗਾਤਾਰ 10 ਮਿੰਟ ਗੋਲੀਬਾਰੀ ਕੀਤੀ। ਇਸ ਘਟਨਾ ਵਿੱਚ ਤਕਰੀਬਨ 1650 ਫਾਇਰ ਕੀਤੇ ਗਏ ਸਨ ਅੰਗਰੇਜ਼ ਸਰਕਾਰ ਦੇ ਮੁਤਾਬਕ ਇਸ ਗੋਲੀਬਾਰੀ ਵਿੱਚ ਤਕਰੀਬਨ 379 ਲੋਕ ਮਾਰੇ ਗਏ ਸਨ ਅਤੇ 1200 ਲੋਕ ਜ਼ਖਮੀ ਹੋਏ ਸਨ, ਪਰ ਸੱਚਾਈ ਕੁਝ ਹੋਰ ਸੀ, ਜੋ ਅੰਗਰੇਜ਼ ਸਰਕਾਰ ਨੇ ਛੁਪਾ ਕੇ ਰੱਖੀ। ਉਸ ਦਿਨ ਲਗਭਗ 1000 ਤੋਂ ਵੱਧ ਲੋਕ ਸ਼ਹੀਦ ਹੋਏ ਸਨ, ਜਿਨ੍ਹਾਂ ਵਿੱਚੋਂ ਤਕਰੀਬਨ 120 ਲਾਸ਼ਾਂ ਹੀ ਮਿਲੀਆਂ ਅਤੇ 1200 ਤੋਂ ਵੱਧ ਲੋਕ ਜ਼ਖਮੀ ਹੋਏ ਸਨ।ਇਹ ਸਭ ਮੰਜਰ ਊਧਮ ਸਿੰਘ ਨੇ ਆਪਣੀ ਅੱਖੀ ਵੇਖਿਆ ਜੋ ਉਸ ਸਮੇਂ ਉਥੇ ਮੌਜੂਦ ਸੀ ਊਧਮ ਸਿੰਘ ਨੇ ਬਦਲਾ ਲੈਣ ਲਈ ਕ੍ਰਾਂਤੀਕਾਰੀ ਦੇਸ਼ ਭਗਤਾਂ ਨਾਲ ਆਪਣੇ ਸਬੰਧ ਸਥਾਪਿਤ ਕਰ ਲਏ।

ਊਧਮ ਸਿੰਘ ਨੇ ਗਦਰ ਪਾਰਟੀ ਵਿੱਚ ਸਰਗਰਮ ਕ੍ਰਾਂਤੀਕਾਰੀ ਮੈਂਬਰ ਵਜੋਂ ਅਮਰੀਕਾ ਨਿਊਯਾਰਕ ਆਦਿ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ। ਇਨਕਲਾਬੀ ਲੋਕਾਂ ਨੂੰ ਇਕੱਠਾ ਕਰਕੇ ਨਵੀਂ ਪਾਰਟੀ ਤਿਆਰ ਕੀਤੀ। ਜਿਸ ਦਾ ਨਾਮ ਅਜ਼ਾਦ ਪਾਰਟੀ ਰੱਖਿਆ ਗਿਆ।ਊਧਮ ਸਿੰਘ ਨੇ ਭਾਰਤ ਦੀ ਆਜ਼ਾਦੀ ਲਈ ਕ੍ਰਾਂਤੀਕਾਰੀ ਦੇਸ਼ ਭਗਤਾਂ ਨੂੰ ਵਿਦੇਸ਼ਾਂ ਵਿੱਚ ਲਾਮਬੰਦ ਕਰਨ ਲਈ ਕਨੇਡਾ, ਜਰਮਨੀ, ਸਵੀਡਨ, ਨਾਰਵੇ, ਇੰਗਲੈਂਡ,

ਅਮਰੀਕਾ, ਇਟਲੀ, ਹੰਗਰੀ, ਹਾਲੈਂਡ ਅਤੇ ਪੋਲੈਂਡ, ਫਰਾਂਸ ਆਦਿ ਦੇਸ਼ਾਂ ਦੀਆਂ ਯਾਤਰਾਵਾਂ ਕੀਤੀਆਂ। ਇਹਨਾਂ ਦੇਸ਼ਾਂ ਦੀਆਂ ਯਾਤਰਾਵਾਂ ਦੌਰਾਨ ਊਧਮ ਸਿੰਘ ਕਈ ਨਾਵਾਂ ਨਾਲ ਜਾਣੇ ਜਾਂਦੇ ਸਨ। ਜਿਵੇਂ, ਉਦੇ ਸਿੰਘ, ਸ਼ੇਰ ਸਿੰਘ, ਰਾਮ ਮੁਹੰਮਦ ਸਿੰਘ ਆਜ਼ਾਦ, ਐਮ ਐਸ ਆਜ਼ਾਦ ਅਤੇ ਫਰੈਂਕ ਬ੍ਰਾਜੀਲ ਆਦਿ। ਭਾਵੇਂ ਊਧਮ ਸਿੰਘ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਦੇਸ਼ਾਂ ਵਿਦੇਸ਼ਾਂ ਵਿੱਚ ਦੇਸ਼ ਭਗਤਾਂ ਨੂੰ ਮਿਲਦਾ ਰਿਹਾ, ਪਰ ਉਸਦੇ ਮਨ ਵਿੱਚ ਜਲਿਆਂਵਾਲਾ ਬਾਗ ਦੇ 1919 ਦੇ ਸਾਕੇ ਦਾ ਬਦਲਾ ਲੈਣ ਦੀ ਤੜਪ ਜਿਉਂ ਦੀ ਤਿਉਂ ਕਾਇਮ ਰਹੀ ਅਤੇ ਸਮੇਂ ਦੀ ਉਡੀਕ ਕਰਦਾ ਰਿਹਾ।

ਅੰਤ ਉਹ ਸਮਾਂ ਵੀ ਆ ਗਿਆ ਜਿਸ ਦਾ ਊਧਮ ਸਿੰਘ ਨੂੰ ਇੰਤਜਾਰ ਸੀ। ਅੰਗਰੇਜ ਸਰਕਾਰ ਤੋਂ ਜਲਿਆਂਵਾਲਾ ਬਾਗ ਵਿੱਚ ਕੀਤੇ ਕਤਲੇਆਮ ਦਾ ਬਦਲਾ ਲੈਣ ਦਾ। ਇਹ ਉਹੀ ਬਦਲਾ ਸੀ। ਜਿਸ ਦਾ ਸੁਪਨਾ ਊਧਮ ਸਿੰਘ ਨੇ 21 ਸਾਲ ਪਹਿਲਾਂ ਲਿਆ ਸੀ। ਜਦੋਂ ਉਹ ਆਪ 20 ਸਾਲ ਦਾ ਨੌਜਵਾਨ ਸੀ। ਊਧਮ ਸਿੰਘ ਨੇ 21 ਸਾਲ ਤੱਕ ਜਲਿਆਂ ਵਾਲੇ ਬਾਗ ਵਿੱਚ ਵਾਪਰੇ ਸਾਕੇ ਦੀ ਤਸਵੀਰ ਨੂੰ ਆਪਣੇ ਮਨ ਵਿੱਚ ਤਾਜਾ ਰੱਖਿਆ ਜਲਿਆਂ ਵਾਲਾ ਬਾਗ ਵਿੱਚ ਵਾਪਰੇ ਸਾਕੇ ਦੇ ਮੁੱਖ ਦੋਸੀ ਸਰ ਮਾਈਕਲ ਓਡਵਾਇਰ ਨੂੰ ਗੋਲੀ ਨਾਲ ਮਾਰਨ ਲਈ ਆਪਣੀ ਪਿਸਤੌਲ ਨੂੰ ਇਕ ਮੋਟੀ ਕਿਤਾਬ ਵਿੱਚ ਲੁਕਾ ਕੇ 13 ਮਾਰਚ 1940 ਨੂੰ ਇੰਗਲੈਂਡ ਵਿਖੇ ਲੰਡਨ ਸ਼ਹਿਰ ਦੇ ਕੈਕਸਟਨ ਹਾਲ ਵਿੱਚ ਜਾ ਦਾਖਲ ਹੋਇਆ। ਊਧਮ ਸਿੰਘ ਨੇ ਆਪਣੀ ਪਿਸਤੌਲ ਨੂੰ ਆਪਣੇ ਕੋਲ ਲੁਕਾਉਣ ਲਈ ਇਕ ਮੋਟੀ ਕਿਤਾਬ ਦੇ ਪੰਨਿਆਂ ਨੂੰ ਪਿਸਤੌਲ ਦੀ ਸ਼ਕਲ ਵਿੱਚ ਇਸ ਤਰੀਕੇ ਨਾਲ ਕੱਟਿਆ ਸੀ ਕਿ ਕੋਈ ਵੀ ਸੋਚ ਨਹੀਂ ਸਕਦਾ ਸੀ ਕਿ ਉਸ ਕੋਲ ਕੋਈ ਹਥਿਆਰ ਹੈ। ਊਧਮ ਸਿੰਘ ਨੇ ਆਪਣਾ ਭੇਸ ਬਦਲਿਆ ਹੋਇਆ ਸੀ ਤੇ ਉਹ ਲੰਡਨ ਪਹੁੰਚ ਗਿਆ ਉਸਨੇ ਲੰਡਨ ਦੇ ਕੈਕਸਟਨ ਹਾਲ ਵਿਖੇ ਜਿੱਥੇ ਬਰਤਾਨਵੀ ਅਧਿਕਾਰੀਆਂ ਦੀ ਮੀਟਿੰਗ ਹੋ ਰਹੀ ਸੀ ਉਥੇ ਜਾ ਹਾਜ਼ਰ ਹੋਇਆ।

13 ਮਾਰਚ 1940 ਨੂੰ ਊਧਮ ਸਿੰਘ ਨੇ ਸਰ ਮਾਇਕਲ ਓਡਵਾਇਰ ਦੀ ਹੱਤਿਆ ਆਪਣੀ ਪਿਸਤੌਲ ਨਾਲ ਕਰ ਦਿੱਤੀ। ਸਰ ਮਾਈਕਲ ਓਡਵਾਇਰ ਦੀ ਹੱਤਿਆ ਕਰਕੇ ਊਧਮ ਸਿੰਘ ਨੇ 21 ਸਾਲ ਬਾਅਦ ਜਲਿਆਂਵਾਲੀ ਬਾਗ ਵਿੱਚ ਕੀਤੇ ਕਤਲੇਆਮ ਦਾ ਬਦਲਾ ਲੰਡਨ ਦੀ ਧਰਤੀ ਤੇ ਜਾ ਲਿਆ। ਇਹ ਬੜਾ ਹੌਸਲੇ ਵਾਲਾ ਕੰਮ ਸੀ, ਕਿ ਦੁਸ਼ਮਣ ਨੂੰ ਉਹਦੀ ਧਰਤੀ ਤੇ ਹੀ ਮਾਰ ਮੁਕਾਉਣਾ। ਸਰ ਮਾਈਕਲ ਓਡਵਾਇਰ ਦੀ ਹੱਤਿਆ ਕਰਕੇ ਊਧਮ ਸਿੰਘ ਉਥੋਂ ਭੱਜਿਆ ਨਹੀਂ, ਸਗੋਂ ਆਪਣੇ ਆਪ ਨੂੰ ਖੁਦ ਗ੍ਰਿਫ਼ਤਾਰ ਹੋਣ ਲਈ ਪੇਸ਼ ਕਰਦਿਆਂ ਉਸਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਊਧਮ ਸਿੰਘ ਨੇ ਆਪਣੇ ਅਦਾਲਤੀ ਬਿਆਨ 'ਚ ਦੱਸਿਆ ਮੈਂ ਕਿਸੇ ਮਕਸਦ ਲਈ ਮਰ ਰਿਹਾ ਹਾਂ। ਅਸੀਂ ਅੰਗਰੇਜ਼ਾਂ ਦੀ ਅਧੀਨਤਾ ਹੇਠ ਜੂਨ ਭੋਗ ਰਹੇ ਹਾਂ। ਮੈਂ ਮਰਨ ਤੋਂ ਡਰਦਾ ਨਹੀਂ ਸਗੋਂ ਮੈਨੂੰ ਤਾਂ ਇਸ 'ਤੇ ਮਰਨ ਤੇ ਮਾਣ ਹੈ ਕਿ ਮੈਂ ਆਪਣੀ ਮਾਤ ਭੂਮੀ ਨੂੰ ਆਜ਼ਾਦ ਕਰਾਉਣ ਲਈ ਮਰਾਂਗਾ।

ਊਧਮ ਸਿੰਘ ਵਿਰੁੱਧ ਬਰਤਾਨਵੀ ਅਦਾਲਤ ਵਿੱਚ ਮੁਕਦਮਾ ਦਾਇਰ ਹੋਇਆ। ਜਿਸ ਤਹਿਤ ਊਧਮ ਸਿੰਘ ਨੂੰ ਚਾਰ ਜੂਨ 1940 ਨੂੰ ਸਰ ਮਾਈਕਲ ਓਡਵਾਇਰ ਦਾ ਕਾਤਲ ਠਹਿਰਾਇਆ ਗਿਆ। ਇਸ ਜੁਰਮ ਵਿਚ ਉਸ ਨੂੰ 31 ਜੁਲਾਈ 1940 ਨੂੰ ਲੰਡਨ ਦੀ ਪੈਂਟੋਨਵਿਲ ਜੇਲ ਵਿੱਚ ਫਾਂਸੀ ਸਜ਼ਾ ਦਿੱਤੀ ਗਈ। ਸ਼ਹੀਦ ਊਧਮ ਸਿੰਘ ਜੀ ਦੀਆਂ ਅਸਥੀਆਂ 1975 ਵਿੱਚ ਭਾਰਤ ਲਿਆਂਦੀਆਂ ਗਈਆਂ, ਜੋ ਸਤ ਕਲਸਾਂ ਵਿੱਚ ਸਨ। ਇਹਨਾਂ ਨੂੰ ਭਾਰਤ ਦੇ ਅਲੱਗ ਅਲੱਗ ਥਾਵਾਂ ਤੇ ਉਸਦੇ ਅਲੱਗ ਅਲੱਗ ਨਾਵਾਂ ਮੁਤਾਬਕ ਅੰਤਿਮ ਸੰਸਕਾਰ ਕੀਤਾ ਗਿਆ ਇੱਕ ਕਲਸ ਨੂੰ ਰੋਜਾ ਸਰੀਫ ਸਰਹੰਦ ਵਿਖੇ ਦਫਨਾਇਆ ਗਿਆ ਦੂਸਰਾ ਕਲਸ ਕੀਰਤਪੁਰ ਸਾਹਿਬ ਜਲ ਪ੍ਰਵਾਹ ਕੀਤਾ ਗਿਆ ਤੀਸਰਾ ਕਾਲਜ ਹਰਿਦੁਆਰ ਵਿਖੇ ਜਲ ਪ੍ਰਵਾਹ ਕੀਤਾ ਗਿਆ ਚੌਥਾ ਕਲਸ ਜਲਿਆਂਵਾਲਾ ਬਾਗ ਵਿੱਚ ਰੱਖਿਆ ਗਿਆ, ਪੰਜਵਾਂ ਕਲਸ ਸੁਨਾਮ ਦੇ ਖੇਡ ਸਟੇਡੀਅਮ ਅਤੇ ਬਾਕੀ ਦੇ ਦੋ ਕਲਸ ਸਰਕਾਰੀ ਕਾਲਜ ਸੁਨਾਮ ਦੀ ਲਾਇਬਰੇਰੀ ਵਿੱਚ ਰੱਖੇ ਗਏ। ਭਾਰਤ ਦੇ ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿੱਚ ਅਮਰ ਹੋਏ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਦੇਸ਼ ਵਾਸੀਆਂ ਨੂੰ ਸਦਾ ਹੀ ਜਬਰ ਜ਼ੁਲਮ ਵਿਰੁੱਧ ਲੜਨ ਲਈ ਪ੍ਰੇਰਤ ਕਰਦੀ ਰਹੇਗੀ।

ਇਨਕਲਾਬ ! ਜਿੰਦਾਬਾਦ !

**ਪਿੰਡ ਮਾਧੋਪੁਰ ਨਜ਼ਦੀਕ ਭੋਗਪੁਰ ਜ਼ਿਲ੍ਹਾ ਜਲੰਧਰ,**

**ਮੋਬਾਈਲ 6284 938 848**

# ਜਾਤੀ ਜਨਗਣਨਾ-ਹਿੱਸੇਦਾਰੀ ਦਾ ਮਾਮਲਾ ਹੈ, ਜਾਤੀਵਾਦ ਵਧਾਉਣ ਦਾ ਨਹੀਂ

1. **ਜ਼ਰੂਰਤ** : ਜਾਤੀ ਜਨਗਣਨਾ ਤੋਂ ਭਾਵ ਹੈ ਜਾਤੀਵਾਰ ਜਨਤਾ ਦੀ ਗਿਣਤੀ ਕਰਨਾ। ਸਾਡੇ ਦੇਸ਼ ਵਿਚ ਜਨਗਣਨਾ ਤਾਂ ਹਰ ਦਸ ਸਾਲਾਂ ਬਾਅਦ ਕੀਤੀ ਜਾਂਦੀ ਹੈ ਜੋ ਦੇਸ਼ ਦੇ ਵਿਕਾਸ ਹਿੱਤ ਪਲਾਨਿੰਗ ਕਰਨ ਲਈ ਅਤੀ ਜ਼ਰੂਰੀ ਹੈ ਪਰ ਜਾਤੀ ਜਨਗਣਨਾ ਲੱਗਭਗ ਇਕ ਸਦੀ ਬਾਅਦ ਹੋਣ ਲੱਗੀ ਹੈ। ਪਹਿਲੀ ਜਾਤੀ ਜਨਗਣਨਾ ਅੰਗਰੇਜ਼ੀ ਰਾਜ ਵੇਲੇ 1931 ਵਿਚ ਕਰਵਾਈ ਗਈ ਸੀ, ਜਿਸ ਵਿਚ 1881 ਤੋਂ 1931 ਤੱਕ ਸਾਰੀਆਂ ਜਾਤੀਆਂ ਦੀ ਗਿਣਤੀ ਕੀਤੀ ਗਈ ਸੀ। ਆਜ਼ਾਦ ਭਾਰਤ ਦੀ ਇਹ ਪਹਿਲੀ ਜਾਤੀ ਜਨਗਣਨਾ ਹੋਵੇਗੀ। ਅਸਲ ਵਿਚ ਹਰ ਦਸ ਸਾਲਾਂ ਬਾਅਦ ਹੋਣ ਵਾਲੀ ਜਨਗਣਨਾ ਵਿਚ ਅਨੁਸੂਚਿਤ ਜਾਤੀ ਅਤੇ ਜਨਜਾਤੀ ਦੀ ਗਿਣਤੀ ਅਤੇ ਹੋਰ ਸੂਚਨਾ ਤਾਂ ਇਕੱਤਰ ਹੁੰਦੀ ਰਹੀ ਹੈ ਪਰ 'ਹੋਰ ਦੂਜੀਆਂ ਪਿਛੜੀਆਂ ਜਾਤਾਂ' (ਓ.ਬੀ.ਸੀ.) ਬਾਰੇ ਨਹੀਂ ਸੀ ਕੀਤੀ ਜਾਂਦੀ। ਵਿਰੋਧੀ ਪਾਰਟੀਆਂ ਕਾਫੀ ਸਮੇਂ ਤੋਂ ਦਬਾਅ ਬਣਾ ਰਹੀਆਂ ਸਨ ਕਿ ਜਾਤੀ ਜਨਗਣਨਾ ਕਰਵਾਈ ਜਾਵੇ ਪਰ ਜਾਪਦਾ ਹੈ ਕਿ ਇਸਦੇ ਮੁੱਖ ਸੂਤਰਧਾਰ ਜਦੋਂ ਰਾਜਸੱਤਾ ਵਿਚ ਭਾਈਵਾਲ ਬਣੇ ਤਾਂ ਸਰਕਾਰ ਨੂੰ ਮਜਬੂਰੀ ਵੱਸ ਇਹ ਫੈਸਲਾ ਲੈਣਾ ਪਿਆ। ਭਾਰਤ ਸਰਕਾਰ ਨੇ 1961 ਵਿਚ ਸੂਬਿਆਂ ਨੂੰ ਆਖ ਦਿੱਤਾ ਸੀ ਕਿ ਜੇ ਉਹ ਆਪਣੇ ਤੌਰ 'ਤੇ ਚਾਹੁਣ ਤਾਂ ਆਪਣੇ ਸੂਬੇ ਵਿਚ ਸਮਾਜਿਕ ਨਿਆਂ ਲਈ ਅਤੇ ਗਿਣਤੀ ਅਨੁਸਾਰ ਨੁਮਾਇੰਦਗੀ ਦੇਣ ਲਈ ਜਾਤੀ ਸਰਵੇਖਣ ਕਰਵਾ ਸਕਦੀਆਂ ਹਨ। ਇਸ ਦੀ ਪੂਰਤੀ ਲਈ ਬਿਹਾਰ ਅਤੇ ਕਰਨਾਟਕਾ ਵਿਚ ਇਕ ਸਰਵੇਖਣ ਕੀਤੀ ਜਾ ਚੁੱਕਿਆ ਹੈ ਅਤੇ ਹੋਰ ਸੂਬਿਆਂ ਨੇ ਵੀ ਸ਼ੁਰੂ ਕਰ ਦੇਣਾ ਸੀ।

ਸੁਪਰੀਮ ਕੋਰਟ ਵੱਲੋਂ ਵੀ ਆਖਿਆ ਗਿਆ ਸੀ ਕਿ 'ਪਿਛੜੀਆਂ ਜਮਾਤਾਂ ਦੀ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ। 1992 ਵਿਚ ਮਸਹੂਰ ਕੋਰਟ ਕੇਸ ਇੰਦਰਾ ਸਾਹਨੀ ਕੇਸ' ਵਿਚ ਸੁਪਰੀਮ ਕੋਰਟ ਨੇ ਸਪੱਸ਼ਟ ਰੂਪ ਵਿਚ ਕਿਹਾ ਸੀ ਕਿ 1931 ਦੀ ਮਰਦਮਸ਼ੁਮਾਰੀ ਰਾਹੀਂ ਤਿਆਰ ਕੀਤੀ ਓ.ਬੀ.ਸੀ. ਸੂਚੀ ਸਮੇਂ-ਸਮੇਂ ਸਿਰ ਸੋਧੀ ਜਾਣੀ ਚਾਹੀਦੀ ਹੈ। ਓ.ਬੀ.ਸੀ. ਲਈ ਰਾਖਵਾਂਕਰਨ ਸੀਮਤ ਰੂਪ ਵਿਚ (ਅਰਥਾਤ ਗਿਣਤੀ ਅਨੁਸਾਰ ਨਹੀਂ) ਸਿਰਫ ਵਿਦਿਆ ਤੇ ਨੌਕਰੀਆਂ ਵਿਚ ਹੀ ਦਿੱਤਾ ਗਿਆ ਹੈ, ਐਮ.ਪੀ.ਐਮ.ਐਲ.ਏ. ਕੈਬਨਿਟ ਮੰਤਰੀਆਂ ਵਿਚ ਨਹੀਂ ਹੈ, ਇਸ ਲਈ ਵੀ ਸਰਕਾਰ 'ਤੇ ਦਬਾਅ ਬਣਾਇਆ ਜਾ ਰਿਹਾ ਸੀ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਜਾਤੀ ਜਨਗਣਨਾ ਨਾ ਹੋਣ ਕਰਕੇ ਘੱਟ ਗਿਣਤੀ ਉਚ ਜਾਤੀਆਂ, ਬਹੁਗਿਣਤੀ ਐਸ.ਸੀ., ਐਸ.ਟੀ. ਅਤੇ ਓ. ਬੀ. ਸੀ. ਨੂੰ ਦਬਾਉਂਦੀਆਂ ਹਨ ਅਤੇ ਨਜ਼ਾਇਜ ਤੌਰ ਤੇ ਕੌਮੀ ਜਾਇਦਾਦ, ਆਮਦਨ ਅਤੇ ਰਾਜ ਸ਼ਕਤੀ ਤੇ ਕਾਬਜ ਹੁੰਦੀਆਂ ਰਹਿੰਦੀਆਂ ਹਨ। ਇਹ ਵੀ ਮਹਿਸੂਸ ਕੀਤਾ ਜਾ ਰਿਹਾ ਸੀ ਕਿ ਇਸ ਵਰਗ ਦੇ ਹੰਝੂ ਪੂੰਝਣ ਲਈ ਸਾਲ 2011 ਵਿਚ ਜੋ 'ਐਸ. ਈ. ਸੀ. ਸੀ.' ਅਰਥਾਤ 'ਸਮਾਜਿਕ, ਆਰਥਿਕ, ਜਾਤੀ ਜਨਗਣਨਾ' ਕੀਤੀ ਗਈ ਸੀ, ਉਸ ਦੀ ਨਾ ਤਾਂ ਸਹੀ ਵਿਉਂਤਬੰਦੀ ਕੀਤੀ ਗਈ ਸੀ ਤੇ ਨਾ ਹੀ ਸਹੀ ਤੌਰ 'ਤੇ ਕਰਨ ਦਾ ਅਮਲ ਹੋਂਦ ਵਿਚ ਆ ਸਕਿਆ ਸੀ ਅਤੇ ਨਾ ਹੀ ਬਾਅਦ ਵਿਚ ਰਿਪੋਰਟ ਜਾਰੀ ਕੀਤੀ ਗਈ ਸੀ, ਜਿਸਨੇ ਇਕ ਵੱਖਰਾ ਹੀ ਨਿਰਾਸ਼ਤਾ ਦਾ ਆਲਮ ਖੜ੍ਹਾ ਕੀਤਾ ਸੀ।

ਇੰਝ ਵੀ ਦੇਖਿਆ ਜਾਵੇ ਤਾਂ ਜਾਤੀ ਵਰਤਾਰਾ ਤਾਂ ਹਰ ਥਾਂ ਵਾਪਰ ਰਿਹਾ ਹੈ। ਲੋਕੀ ਆਪਣੇ ਨਾਂ ਦੇ ਪਿੱਛੇ ਜਾਤੀ ਵਿਖਾਲਾ ਕਰਕੇ ਬੜਾ ਮਾਣ ਮਹਿਸੂਸ ਕਰਦੇ ਹਨ, ਆਪਣੇ ਜਾਤੀ ਚਿੰਨ੍ਹ ਦਾ ਵਿਖਾਲਾ ਕਰਦੇ ਹਨ, ਜਾਤੀ ਆਧਾਰਿਤ ਬਸਤੀਆਂ ਬਣਦੀਆਂ ਜਾ ਰਹੀਆਂ ਹਨ। ਸਮਾਜਿਕ ਵਖਰੇਵਾਂ ਜਾਰੀ ਹੈ। ਇਕ ਸਰਵੇਖਣ ਅਨੁਸਾਰ 5 ਫੀਸਦੀ ਹੀ ਅੰਤਰਜਾਤੀ ਵਿਆਹ 2011 ਤੱਕ ਹੋਂਦ ਵਿਚ ਆਏ ਸਨ। ਜੇ ਜਾਤੀ ਹਰ ਥਾਂ ਤੇ ਆਪਣਾ ਰੋਲ ਕਰਦੀ ਆ ਰਹੀ ਹੈ ਤਾਂ ਫਿਰ ਜਾਤੀ ਜਨਗਣਨਾ ਕਰਕੇ ਵੱਡੇ ਹਿੱਸੇ ਨੂੰ ਉਸਦਾ ਬਣਦਾ ਹੱਕ ਦੇਣ ਦਾ ਆਧਾਰ ਕਿਉਂ ਨਾ ਬਣਾਇਆ ਜਾਵੇ?

2. **ਇਤਿਹਾਸਕ ਪਿਛੋਕੜ** - ਅਸਲ ਵਿਚ ਨਿਰਪੱਖ ਰਹਿ ਕੇ ਵੇਖੀਏ ਤਾਂ ਜਾਤੀ ਵਿਵਸਥਾ ਸਾਡੇ ਦੇਸ ਦੀ ਸਭਿਅਤਾ 'ਤੇ ਕਲੰਕ ਤਾਂ ਹੈ ਹੀ ਇਹ ਦੇਸ ਦੀ ਉਨਤੀ ਵਿਚ ਬਹੁਤ ਵੱਡਾ ਰੋੜਾ

ਵੀ ਬਣਦੀ ਰਹੀ ਹੈ। ਦੇਸ਼ ਕੋਲ ਕੁਦਰਤੀ ਖਜ਼ਾਨਿਆਂ ਦੀ ਅਮੀਰੀ ਹੁੰਦਿਆਂ ਵੀ ਇਸਦੇ ਲੋਕਾਂ ਵਿਚ ਵਰਤ ਰਹੀ ਗਰੀਬੀ ਇਸਨੂੰ ਹਾਲੇ ਵੀ ਸਭ ਤੋਂ ਗਰੀਬ ਦੇਸ਼ਾਂ ਦੀ ਕਤਾਰ ਵਿਚ ਖੜ੍ਹਾਉਂਦੀ ਹੈ। ਜਾਤੀ ਵਿਵਸਥਾ ਘਟ-ਗਿਣਤੀ ਉਚ-ਜਾਤੀਆਂ ਨੂੰ ਤਾਂ ਉੱਚੇ ਤੋਂ ਉੱਚੇ ਉਭਾਰਦੀ ਹੈ ਪਰ ਬਹੁਗਿਣਤੀ ਨੀਵੀਂ ਜਾਤੀਆਂ ਨੂੰ ਹੇਠਲੇ ਤੋਂ ਹੇਠਲੇ ਦਰਜੇ ਤੇ ਪਹੁੰਚਾਂਦੀ ਹੀ ਨਹੀਂ, ਸਗੋਂ ਉਸਨੂੰ ਲੰਮੇ ਤੋਂ ਲੰਮੇ ਸਮੇਂ ਤੱਕ ਟਿਕਾਈ ਵੀ ਰੱਖਦੀ ਹੈ। ਇਹ ਸਥਿਤੀ ਹਜਾਰਾਂ ਸਾਲਾਂ ਤੋਂ ਇਸੇ ਤਰ੍ਹਾਂ ਚਲੀ ਆ ਰਹੀ ਹੈ। ਪਰ ਕੀ ਇਹ ਮਨੁੱਖਤਾ ਦੇ ਦ੍ਰਿਸ਼ਟੀਕੋਣ ਤੋਂ ਵਾਜਿਬ ਹੈ ਕਿ ਇਕ ਮਨੁੱਖ ਨੂੰ ਦੂਜੇ ਮਨੁੱਖ ਤੋਂ ਉਚਾ ਨੀਵਾਂ ਗਰਦਾਨ ਕੇ ਉਸਦਾ ਸੋਸ਼ਣ ਇਸ ਹੱਦ ਤੱਕ ਕੀਤਾ ਜਾਵੇ ਕਿ ਉਹ ਮਨੁੱਖ ਹੋਣਾ ਹੀ ਭੁੱਲ ਜਾਵੇ? ਇਤਿਹਾਸ ਨੇ ਇਹ ਪੜਾਅ ਵੀ ਵੇਖਿਆ ਜਦੋਂ ਚਹੁੰ-ਵਰਣੀ ਵਿਵਸਥਾ (ਬ੍ਰਾਹਮਣ, ਕਸ਼ੱਤਰੀ, ਵੈਸ, ਸ਼ੂਦਰ) ਵਿਚ ਜਕੜਿਆ ਸਮਾਜ ਚੌਥੇ ਵਰਣ ’ਤੇ ਜ਼ੁਲਮ ਸਿਤਮ ਤਾਂ ਢਾਅ ਰਿਹਾ ਸੀ ਪਰ ਆਪਣੇ ਉਤੇ ਹੋ ਰਹੇ ਬਾਹਰੀ ਹਮਲੇ ਰੋਕਣ ਵਿਚ ਅਸਮਰੱਥ ਸੀ। ਲੁਟੇਰਾ ਥੋੜ੍ਹੀ ਜਿਹੀ ਗਿਣਤੀ ਵਿਚ ਹੀ ਆਉਂਦਾ ਸੀ ਤੇ ਸਾਡੇ ਧਾਰਮਿਕ ਸਥਾਨ ਲੁੱਟ ਕੇ, ਸਾਡੀਆਂ ਬਹੁ-ਬੇਟੀਆਂ ਉਧਾਲ ਲੈ ਜਾਂਦਾ ਸੀ। ਇਹ ਇਕ ਵਾਰ ਨਹੀਂ ਕਈ-ਕਈ ਵਾਰ ਹੋਇਆ। ਵਰਣ ਵਿਵਸਥਾ ਵਿਚ ਜਿਸ ਵਰਣ (ਕਸਤਰੀ) ਦੀ ਜ਼ਿੰਮੇਵਾਰੀ ਲੜਾਈ ਕਰਨ ਅਤੇ ਰੱਖਿਆ ਕਰਨ ਦੀ ਸੀ। ਉਹ ਗਿਣਤੀ ਵਿਚ ਨਾਕਾਫੀ ਸੀ ਅਤੇ ਹੋਰ ਕਿਸੇ ਨੂੰ ਹਥਿਆਰ ਰੱਖਣ ਜਾਂ ਚਲਾਉਣ ਦੀ ਆਗਿਆ ਨਹੀਂ ਸੀ। ਇਸੇ ਵਰਣ-ਵਿਵਸਥਾ ਨੇ ਅੱਗੇ ਜਾ ਕੇ ਟੁਕੜੇ-ਟੁਕੜੇ ਹੋ ਕੇ ਵੱਖੋ-ਵੱਖ ਜਾਤੀਆਂ ਦਾ ਰੂਪ ਅਖਤਿਆਰ ਕਰ ਲਿਆ। ਉਪਰਲੇ ਤਿੰਨਾਂ ਵਰਣਾਂ ਦੀ ਤਾਂ ਬਹੁਤੀ ਵੰਡ ਨਾ ਹੋਈ ਪਰ ਹੇਠਲੇ ਚੌਥੇ ਵਰਣ ਦੇ ਹੁਣ ਤੱਕ ਛੇ ਹਜ਼ਾਰ ਤੋਂ ਵੱਧ ਟੁਕੜੇ ਹੋ ਚੁੱਕੇ ਹਨ। ਹਰ ਟੁਕੜਾ ਇਕ ਜਾਤੀ ਹੈ ਅਤੇ ਹਰ ਜਾਤੀ ਇਕ-ਦੂਜੇ ਤੋਂ ਵੱਧ ਕੇ ਵਧੀਆ ਅਖਵਾਉਂਦੀ ਹੈ, ਤੇ ਇਹੀ ਊਚ-ਨੀਚ ਦਾ ਜਾਤੀ-ਪਾੜਾ ਉਹਨਾਂ ਨੂੰ ਸਮਾਜਿਕ ਭਾਈਚਾਰਾ ਬਣਾਉਣ ਤੋਂ ਵਰਜਦਾ ਹੈ ਅਤੇ ਸਮਾਜ ਵਿਚ ਅਸ਼ਾਂਤੀ ਫੈਲਾਉਣ ਦਾ ਕੰਮ ਵੀ ਕਰਦਾ ਹੈ। ਇਸੇ ਅਸ਼ਾਂਤੀ ਨੂੰ ਜਦੋਂ ਰੱਬ ਅਤੇ ਧਰਮ ਦੇ ਡੰਡੇ ਦੇ ਜੋਰ ਨਾਲ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਇਹ ਹੋਰ ਫੈਲਦੀ ਹੋਈ ਧਰਮਾਂ ਦੀ ਗਿਣਤੀ ਵਿਚ ਵਾਧਾ ਕਰਦੀ ਚਲੀ ਜਾਂਦੀ ਹੈ। ਧਰਮਾਂ ਅਤੇ ਜਾਤਾਂ ਨੂੰ ਇਕ-ਦੂਜੇ ਤੋਂ ਉਪਰ ਸਾਬਤ ਕਰਨ ਦੀ ਦੌੜ ਵਿਚ ਹੀ ਕਿਤੇ ਸਮਾਜ ਅਤੇ ਦੇਸ ਦੀ ਉਨਤੀ ਗੁਆਚ ਜਾਂਦੀ ਹੈ।

ਅੱਜ ਜਦੋਂ ਦੁਨੀਆਂ ਇਕ ਗਲੋਬਲ ਪਿੰਡ ਵਿਚ ਵਟਣ ਲਈ ਉਸਲਵੱਟੇ ਲੈ ਰਹੀ ਹੈ, ਸਾਇੰਸ ਅਤੇ ਤਕਨਾਲੋਜੀ ਸ਼ਿਖਰਾਂ ’ਤੇ ਪੁੱਜ ਰਹੀ ਹੈ ਤਾਂ ਸਾਡਾ ਦੇਸ਼ ਹਾਲੇ ਵੀ ਜਾਤਾਂ ਅਤੇ ਧਰਮਾਂ ਦੇ ਚੱਕਰ ਵਿਚੋਂ ਬਾਹਰ ਆਉਣ ਦੀ ਬਜਾਏ ਇਹਨਾਂ ਨੂੰ ਹੀ ਆਨੇ-ਬਹਾਨੇ ਪੱਕਿਆਂ ਕਰਨ ਦੇ ਆਹਰ ਵਿਚ ਲੱਗਿਆ ਹੋਇਆ ਹੈ। ਇਹੀ ਸਾਡਾ ‘ਲੋਕ ਰਾਜ’ ਬਣਦਾ ਜਾ ਰਿਹਾ ਹੈ। ਹਰ ਖੇਤਰ ਵਿਚ ਜਾਤੀ ਤੇ ਧਰਮ ਪਣਪ ਰਿਹਾ ਹੈ ਅਤੇ ਗਰੀਬੀ ਦਾ ਆਲਮ ਇਹ ਹੈ ਕਿ ਉਪਰਲੇ 10 ਫੀਸਦੀ ਲੋਕਾਂ ਕੋਲ ਦੇਸ ਦੀ 90 ਫੀਸਦੀ ਜਾਇਦਾਦ ਕਬਜੇ ਹੇਠ ਆ ਚੁੱਕੀ ਹੈ ਅਤੇ 90 ਫੀਸਦੀ ਲੋਕਾਂ ਕੋਲ 10 ਫੀਸਦੀ ਹੀ ਰਹਿ ਗਈ ਹੈ। ਇਸ ਵਿਵਸਥਾ ਦੀ ਦੇਣ ਹੀ ਹੈ ਕਿ ਅੱਜ ਇਸਨੇ 83 ਕਰੋੜ ਲੋਕਾਂ ਨੂੰ ਪੰਜ ਪੰਜ ਕਿਲੋ ਮੁਫਤ ਅਨਾਜ ’ਤੇ ਲਿਆ ਖਲ੍ਹਾਰ ਦਿੱਤਾ ਹੈ। ਅਤੇ ਅਗਲੇ ਸਮੇਂ ਲਈ ਵੀ ਉਹਨਾਂ ਨੂੰ ਇਹ ਜਾਰੀ ਰੱਖਣ ਦੀ ਗਰੰਟੀ ਦਿੱਤੀ ਜਾ ਰਹੀ ਹੈ। ਅੰਤਰ-ਰਾਸ਼ਟਰੀ ਅੰਕੜਿਆਂ ਅਨੁਸਾਰ ਹਾਲੇ ਵੀ ਸਾਨੂੰ ਗਰੀਬੀ ਪੱਖੋਂ ਗਰੀਬ ਦੇਸ਼ਾਂ ਦੀ ਕਤਾਰ ਵਿਚ ਹੀ ਰੱਖਿਆ ਜਾਂਦਾ ਹੈ।

ਜਾਤਪਾਤੀ ਵਿਵਸਥਾ ਤੋਂ ਪੀੜਤ ਲੋਕਾਂ ਲਈ ਸਮੇਂ ਸਮੇਂ ਸਿਰ ਕਈ ਮਹਾਂਪੁਰਖਾਂ, ਧਾਰਮਿਕ ਹਸਤੀਆਂ, ਸਮਾਜ ਸੁਧਾਰਕਾਂ ਨੇ ਆਪਣੇ-ਆਪਣੇ ਅਨੁਸਾਰ ਨਿੱਜੀ ਤੌਰ ’ਤੇ ਵੀ ਸੁਧਾਰ ਕਰਨ ਦੀਆਂ ਕੋਸਸਿਾਂ ਕੀਤੀਆਂ ਅਤੇ ਸੰਸਥਾਵਾਂ ਬਣਾ ਕੇ ਵੀ ਕੰਮ ਕੀਤਾ ਪਰ ਇਹ ਵਿਵਸਥਾ ਇੰਨੀਆਂ ਡੂੰਘੀਆਂ ਜੜ੍ਹਾਂ ਫੈਲਾ ਚੁੱਕੀ ਹੈ ਕਿ ਇਹ ਆਪਣੇ ਦਰੱਖਤ ਨੂੰ ਸੁੱਕਣ ਨਹੀਂ ਦਿੰਦੀਆਂ, ਮਰਨ ਨਹੀਂ ਦਿੰਦੀਆਂ ਸਗੋਂ ਵਾਤਾਵਰਣ ਅਨੁਸਾਰ ਨਿੱਤ ਨਵਾਂ ਰੂਪ ਦੇ ਦਿੰਦੀਆਂ ਹਨ। ਇਹੀ ਕਾਰਨ ਹੈ ਕਿ ਇਸ ਨਵਾਂ ਰੂਪ ਅਖਤਿਆਰ ਕੀਤੇ ਦਰਖਤ ਤੋਂ ਲੋਕੀ ਤਰੱਕੀ ਦਾ ਭੁਲੇਖਾ ਖਾ ਬੈਠਦੇ ਹਨ ਅਤੇ ਫਿਰ ਅਗਲੇ ਜਾਲ ਰੂਪੀ ਭੁਲੇਖੇ ਵਿਚ ਫਿਰ ਫਸ ਜਾਂਦੇ ਹਨ। ਅਖੌਤੀ ਲੋਕ-ਰਾਜ ਵਿਚ ਨਿੱਤ ਅਖੌਤੀ ਲੋਕਰਾਜੀ ਸਰਕਾਰਾਂ ਬਦਲਦੀਆਂ ਰਹੀਆਂ ਹਨ ਪਰ ਕਿਸੇ ਨੇ ਵੀ ਇਸ ਜਾਤਪਾਤੀ ਵਿਵਸਥਾ ਦੀਆਂ ਜੜ੍ਹਾਂ ਨੂੰ ਹੱਥ ਨਹੀਂ ਪਾਇਆ ਸਗੋਂ ਅਖੀਰ ਵਿਚ ਪਤਾ ਲੱਗਦਾ ਹੈ ਕਿ ਉਹ ਸਰਕਾਰਾਂ ਜੜ੍ਹਾਂ ਪੁੱਟਣ ਦੀ ਬਜਾਏ ਹੋਰ ਮਜਬੂਤ ਕਰ ਗਈਆਂ ਹਨ। ਸਰਕਾਰਾਂ ਰੋਲਾ ਪਾ ਕੇ ਚਲੀਆਂ ਜਾਂਦੀਆਂ ਹਨ ਕਿ ਉਹਨਾਂ ਨੇ ਦੇਸ ਨੂੰ

ਤਰੱਕੀ ਦੀ ਸਿਖ਼ਰ ਤੇ ਪਹੁੰਚਾ ਦਿੱਤਾ ਹੈ ਪਰ ਅਸਲੀਅਤ ਇਹ ਹੈ ਕਿ ਗਰੀਬੀ ਸਿਖ਼ਰਾਂ 'ਤੇ ਪਹੁੰਚਦੀ ਜਾ ਰਹੀ ਹੈ।

3. **ਅਜੋਕੀ ਸਥਿਤੀ :** ਅਜੋਕੀ ਯੋਗ ਵਿਚ ਵੀਹਵੀਂ ਸਦੀ ਦੇ ਤੀਜੇ ਦਹਾਕੇ ਤੋਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਦਾ ਸੰਘਰਸ਼ ਇਸ ਜਾਤਪਾਤੀ ਵਿਵਸਥਾ ਵਿਰੁੱਧ ਸ਼ੁਰੂ ਹੁੰਦਾ ਹੈ ਜੋ ਉਹਨਾਂ ਨੇ ਦੇਸ਼ ਭਰ ਵਿਚ ਇਸ ਵਿਵਸਥਾ ਵਿਰੁੱਧ ਪਹਿਲਾਂ ਕੰਮ ਕਰ ਚੁੱਕੇ ਮਹਾਂਪੁਰਖਾਂ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਸੰਗਠਿਤ ਤੌਰ 'ਤੇ ਸ਼ੁਰੂ ਕੀਤਾ ਸੀ। ਉਹਨਾਂ ਦੀ ਸਭ ਤੋਂ ਵੱਡੀ ਦੇਣ ਇਹ ਰਹੀ ਹੈ ਕਿ ਉਹਨਾਂ ਨੇ ਆਪਣੇ ਸੰਘਰਸ਼ ਦੀਆਂ ਪ੍ਰਾਪਤੀਆਂ ਨੂੰ ਸੰਵਿਧਾਨਕ ਰੂਪ ਦਿਵਾ ਦਿੱਤਾ। ਸਭ ਤੋਂ ਪਹਿਲਾਂ ਉਹਨਾਂ ਨੇ ਇਸ ਜਾਤਪਾਤੀ ਵਿਵਸਥਾ ਵਿਚ ਉਹਨਾਂ ਲੋਕਾਂ ਦੀ ਜਾਤੀ ਪਛਾਣ ਕੀਤੀ, ਜਿਹਨਾਂ ਨੇ ਘੱਟ ਜਾਂ ਵੱਧ ਦੁਸ਼ਵਾਰੀਆਂ ਸਹਿਣ ਕੀਤੀਆਂ ਸਨ। ਇਹ ਉਹੀ ਸ਼ੂਦਰ ਵਰਣ ਸੀ ਜੋ ਸਦੀਆਂ ਤੋਂ ਇਸ ਜਾਤੀ ਵਿਵਸਥਾ ਦੀ ਪੀੜਾ ਵੱਖ-ਵੱਖ ਰੂਪਾਂ ਵਿਚ ਸਹਿਣ ਕਰਦਾ ਆ ਰਿਹਾ ਸੀ। ਸਭ ਤੋਂ ਵੱਧ ਅਣਮਨੁੱਖੀ ਤਸੀਹੇ ਸਹਿਣ ਵਾਲਿਆਂ ਨੂੰ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਵਿਚ ਸੂਚੀਬੱਧ ਕਰਕੇ ਉਹਨਾਂ ਲਈ ਰਾਖਵਾਂਕਰਨ ਦਾ ਪ੍ਰਾਵਧਾਨ ਕਰਵਾਇਆ ਤਾਂ ਜੋ ਉਹ ਬਰਾਬਰਤਾ ਵੱਲ ਵਧਣਾ ਸ਼ੁਰੂ ਕਰਨ। ਰਾਖਵਾਂਕਰਨ ਕੁਝ ਨਹੀਂ ਇਹ ਦੇਸ਼ ਦੇ ਬਾਸ਼ਿੰਦਿਆਂ ਦੀ ਆਪਣੇ ਦੇਸ਼ ਵਿਚ ਇਕ ਨਿੱਕੀ ਜਿਹੀ ਹਿੱਸੇਦਾਰੀ ਸੀ/ਹੈ, ਉਹ ਵੀ ਸਿਰਫ ਰਾਜਨੀਤਿਕ, ਵਿਦਿਅਕ ਅਤੇ ਨੌਕਰੀਆਂ ਦੇ ਖੇਤਰ ਵਿਚ ਜਦੋਂ ਕਿ ਹਿੱਸੇਦਾਰੀ ਤਾਂ ਹਰ ਖੇਤਰ ਵਿਚ ਚਾਹੀਦੀ ਸੀ। ਮਹਾਰਾਜਾ ਬੜੌਦਾ ਨੇ ਰਾਖਵਾਂਕਰਨ ਭਾਵੇਂ 1901 ਵਿਚ ਸ਼ੁਰੂ ਕਰ ਦਿੱਤਾ ਸੀ ਅਤੇ ਅੰਗਰੇਜ਼ਾਂ ਨੇ ਵੀ ਗੌਰਮਿੰਟ ਆਫ ਇੰਡੀਆ ਐਕਟ 1919 ਅਤੇ 1935 ਰਾਹੀਂ ਸੀਮਤ ਰਾਖਵਾਂਕਰਨ ਦਿੱਤਾ ਪਰ ਇਸਨੂੰ ਸੰਵਿਧਾਨਕ ਹੱਕ ਬਾਬਾ ਸਾਹਿਬ ਨੇ ਹੀ ਬਣਵਾਇਆ।

ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਤੋਂ ਬਾਬਾ ਸਾਹਿਬ ਦੀ ਵਿਚਾਰਧਾਰਾ ਨੂੰ ਅੱਗੇ ਤੋਰਦਿਆਂ 'ਬਹੁਜਨ ਸਮਾਜ ਲਹਿਰ' ਦੇ ਬਾਨੀ ਕਾਂਸ਼ੀ ਰਾਮ ਜੀ ਨੇ 'ਜਿਤਨੀ ਜਿਸਕੀ ਸੰਖਿਆ ਭਾਰੀਉਤਨੀ ਉਸਕੀ ਹਿੱਸੇਦਾਰੀ' ਦਾ ਨਾਅਰਾ ਦੇ ਕੇ ਇਸ ਵਿਚਾਰ ਨੂੰ ਹੋਰ ਪੱਕਿਆਂ ਕੀਤਾ ਕਿ ਹਿੱਸੇਦਾਰੀ ਕਿਸੇ ਵਰਗ/ਜਾਤੀ ਦੀ ਗਿਣਤੀ ਅਨੁਸਾਰ ਹੋਣੀ ਚਾਹੀਦੀ ਹੈ। ਇਸ ਵਿਚਾਰ ਦੇ ਉਪਜਣ ਨਾਲ ਉਪਰਲੇ ਤਿੰਨ ਵਰਣ/ਵਰਗਾਂ ਨੂੰ ਚਿੰਤਾ ਹੋਈ ਕਿਉਂਕਿ ਉਹ ਤਿੰਨੇ ਮਿਲ ਕੇ ਵੀ ਹੇਠਲੇ ਸ਼ੂਦਰ ਵਰਗ ਤੋਂ ਗਿਣਤੀ ਵਿਚ ਕਿਤੇ ਘੱਟ ਬਣਦੇ ਸਨ ਜਦੋਂ ਕਿ ਹੈ ਉਹ ਦੇਸ਼ ਦੇ ਸਮੁੱਚੇ ਸਾਧਨਾਂ ਤੇ ਕਾਬਜ ਸਨ। ਇਸੇ ਸਮੇਂ ਓ.ਬੀ.ਸੀ. ਵਿਚ ਵੀ ਜਾਗਰਤੀ ਆਈ। ਬਾਬਾ ਸਾਹਿਬ ਨੇ ਅਨੁਸੂਚਿਤ ਜਾਤੀ ਅਤੇ ਅਨੁਸੂਚਿਤ ਕਬੀਲਿਆਂ ਦੇ ਰਾਖਵੇਂਕਰਨ ਦੇ ਨਾਲ ਓ.ਬੀ.ਸੀ. ਲਈ ਵੀ ਸੰਵਿਧਾਨ ਵਿਚ ਪ੍ਰਾਵਧਾਨ (ਆਰਟੀਕਲ 340) ਕਰਵਾਇਆ ਸੀ ਕਿ ਇਸ ਅਧੀਨ ਉਹਨਾਂ ਦੀ ਵੀ ਲਾਭ ਦੇਣ ਲਈ ਪਛਾਣ ਕਰਵਾਈ ਜਾਵੇ। ਇਸ ਅਧੀਨ 1953 ਵਿਚ 'ਕਾਕਾ ਕਾਲੇਲਕਰ ਕਮਿਸ਼ਨ' ਬਣਾਇਆ ਗਿਆ ਪਰ ਉਸਦੀ ਰਿਪੋਰਟ ਰੱਦੀ ਦੀ ਟੋਕਰੀ ਵਿਚ ਸੁੱਟ ਦਿੱਤੀ ਗਈ। 'ਬਹੁਜਨ ਸਮਾਜ ਲਹਿਰ' ਦੀ ਚੜ੍ਹਤ ਨਾਲ ਸਰਕਾਰ 'ਤੇ ਜ਼ੋਰ ਪਾਇਆ ਗਿਆ ਤਾਂ ਦੂਜਾ ਕਮਿਸ਼ਨ 1979 ਵਿਚ 'ਮੰਡਲ ਕਮਿਸ਼ਨ' ਬਣਾਇਆ ਗਿਆ ਪਰ ਇਸਨੂੰ ਲਾਗੂ ਕਰਨਾ ਪਿਆ। ਸਰਕਾਰ ਰੱਦੀ ਵਿਚ ਨਾ ਸੁੱਟ ਸਕੀ। ਮੰਡਲ ਕਮਿਸ਼ਨ ਨੇ ਓ.ਬੀ.ਸੀ. ਦੀਆਂ ਜਾਤੀਆਂ ਦੇ ਮੈਂਬਰਾਂ ਦੀ ਗਿਣਤੀ ਦੀ ਪ੍ਰਤੀਸਤਤਾ 52 ਫੀਸਦੀ ਤੱਕ ਦੱਸੀ ਪਰ ਸਰਕਾਰ ਫਿਰ ਪੂਰੀ ਹਿੱਸੇਦਾਰੀ ਨਾ ਦੇ ਸਕੀ ਸਿਰਫ 27 ਫੀਸਦੀ ਹੀ ਦਿੱਤਾ। ਇਹ ਕਹਿ ਕੇ ਰੋਕ ਲੱਗ ਗਈ ਕਿ ਰਾਖਵਾਂਕਰਨ ਕੁੱਲ ਮਿਲਾ ਕੇ 50 ਫੀਸਦੀ ਤੋਂ ਵੱਧ ਨਹੀਂ ਹੋ ਸਕਦਾ, ਕਿਉਂਕਿ ਪਹਿਲਾਂ ਹੀ ਅਨੂ. ਜਾਤੀ 15 ਫੀਸਦੀ ਅਤੇ ਅਨੂ ਕਬੀਲੇ 7.5 ਫੀਸਦੀ ਰਾਖਵਾਂਕਰਨ ਲੈ ਰਹੇ ਸਨ। ਇਹ ਇਕ ਗਹਿਰੀ ਚਾਲ ਸੀ। ਕਈ ਸੂਬਾ ਸਰਕਾਰਾਂ ਨੇ 50 ਫੀਸਦੀ ਤੋਂ ਵੱਧ ਰਾਖਵਾਂਕਰਨ ਦੇਣ ਦੀ ਦਲੇਰੀ ਵਿਖਾ ਕੇ ਇਸ ਗਹਿਰੀ ਚਾਲ ਨੂੰ ਨੰਗਿਆਂ ਕੀਤਾ।

ਬਾਬਾ ਸਾਹਿਬ ਦੀ ਦੂਰ-ਦ੍ਰਿਸ਼ਟੀ ਨਾਲ ਸੰਵਿਧਾਨ ਵਿਚ ਜਨਗਣਨਾ ਦਾ ਪ੍ਰਾਵਧਾਨ ਰੱਖਿਆ ਗਿਆ। ਜਨਗਣਨਾ ਦੇ ਨਾਲ-ਨਾਲ ਜਾਤੀ ਜਨਗਣਨਾ ਦਾ ਵੀ ਪ੍ਰਾਵਧਾਨ ਹੈ। ਇਸ ਸਮੇਂ ਜਨਗਣਨਾ ਦੇ ਕਾਨੂੰਨੀ ਰੂਪ ਲਈ ਜਨਗਣਨਾ ਐਕਟ 1948 ਅਤੇ ਜਨਗਣਨਾ ਰੂਲਜ 1990 ਲਾਗੂ ਹਨ। ਅੰਗਰੇਜ਼ਾਂ ਵੇਲੇ ਜਨਗਣਨਾ 1872 ਵਿਚ ਹੀ ਸ਼ੁਰੂ ਹੋ ਗਈ ਸੀ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਜਨਗਣਨਾ 1950 ਤੋਂ 2011 ਤੱਕ 7 ਵਾਰੀ ਹੋ ਚੁੱਕੀ ਹੈ ਅਤੇ ਕੁੱਲ 15 ਵਾਰੀ ਹੋਈ ਹੈ। ਜੋ ਜਨਗਣਨਾ 2021 ਵਿਚ ਹੋਣੀ ਸੀ ਉਹ ਕੋਵਿਡ ਦੀ ਭੇਂਟ ਚੜ੍ਹ ਗਈ ਸੀ। ਹੁਣ ਕਦੋਂ ਹੋਵੇਗੀ, ਕੁਝ ਆਖਿਆ ਨਹੀਂ ਜਾ ਸਕਦਾ, ਐਲਾਨ

ਭਾਵੇਂ ਕਰ ਦਿੱਤਾ ਗਿਆ ਹੈ। ਜਨਗਣਨਾ ਐਕਟ ਦੀ ਧਾਰਾ 3 ਅਨੁਸਾਰ ਕੇਂਦਰ ਸਰਕਾਰ ਕਿਸੇ ਵੇਲੇ ਵੀ ਦੇਸ਼ ਵਿਚ ਜਾਂ ਦੇਸ਼ ਦੇ ਕਿਸੇ ਹਿੱਸੇ ਵਿਚ ਜਨਗਣਨਾ ਕਰਵਾ ਸਕਦੀ ਹੈ ਪਰ 1872 ਤੋਂ ਲੈ ਕੇ ਹਰ ਦਸ ਸਾਲਾਂ ਬਾਅਦ ਹੀ ਜਨਗਣਨਾ ਹੋ ਰਹੀ ਹੈ।

4. **ਜਨਗਣਨਾ ਕਰਨ ਦਾ ਢੰਗ : ਧਰਮ ਅਤੇ ਜਾਤੀ ਦਾ ਸਹੀ ਇੰਦਰਾਜ ਕਿਉਂ ਜ਼ਰੂਰੀ** : ਜਨਗਣਨਾ ਦੋ ਪੜਾਵਾਂ ਵਿਚ ਹੁੰਦੀ ਹੈ। ਪਹਿਲੇ ਪੜਾਅ ਨੂੰ ਹਾਊਸ ਲਿਸਟਿੰਗ ਅਤੇ ਹਾਊਸ ਸੈਂਨਸਿਜ ਅਤੇ ਐਸ. ਸੀ., ਐਸ. ਟੀ. ਵਰਗ ਆਖਿਆ ਜਾਂਦਾ ਹੈ, ਜਿਸ ਵਿਚ ਕੁਲ ਮਕਾਨਾਂ ਦੀ ਗਿਣਤੀ, ਰਹਿਣ ਵਾਲੇ ਮੈਂਬਰਾਂ ਦੀ ਗਿਣਤੀ, ਮਕਾਨ ਵਿਚ ਸਹੂਲਤਾਂ ਅਤੇ ਐਸ. ਸੀ., ਐਸ. ਟੀ. ਸਬੰਧਤ ਮਕਾਨਾਂ ਦੀ ਗਿਣਤੀ ਆਦਿ ਹੁੰਦੀ ਹੈ। ਦੂਜੇ ਪੜਾਅ ਵਿਚ ਮਰਦਮਸੁਮਾਰੀ ਹੁੰਦੀ ਹੈ, ਅਰਥਾਤ ਲੋਕਾਂ ਨਾਲ ਸਬੰਧਤ ਜਾਣਕਾਰੀ ਹਾਸਲ ਕੀਤੀ ਜਾਂਦੀ ਹੈ, ਜਿਸ ਵਿਚ ਉਮਰ, ਧਰਮ ਪੜਾਈ, ਕਿਤਾ ਆਦਿ ਸਾਮਲ ਹੈ। ਪਹਿਲਾ ਪੜਾਅ ਖਤਮ ਹੋਣ ਉਪਰੰਤ 6 ਤੋਂ 8 ਮਹੀਨਿਆਂ ਬਾਅਦ ਦੂਜਾ ਪੜਾਅ ਸ਼ੁਰੂ ਕੀਤਾ ਜਾਂਦੀ ਹੈ।

**(ੳ) ਪਹਿਲਾ ਪੜਾਅ ਅਤੇ ਐਸ. ਸੀ., ਐਸ. ਟੀ. ਵਰਗ** :- ਇਸ ਸੂਚਨਾ ਦੀ ਇਕੱਤਰਤਾ ਲਈ ਫਾਰਮ ਵਿਚ ਇਕ ਖਾਸ ਖਾਨਾ ਬਣਿਆ ਹੁੰਦਾ ਹੈ, ਜਿਸ ਰਾਹੀਂ ਇਹ ਪਤਾ ਲਾਇਆ ਜਾਂਦਾ ਹੈ ਕਿ ਐਸ. ਸੀ./ਐਸ. ਟੀ. ਦੇ ਕੁੱਲ ਕਿੰਨੇ ਮਕਾਨ ਹਨ ਅਤੇ ਉਹਨਾਂ ਵਿਚ ਸਹੂਲਤਾਂ ਦੀ ਕੀ ਸਥਿਤੀ ਹੈ। ਜਨਗਣਨਾ 2021 ਵਿਚ ਦਿੱਤੇ ਗਏ ਫਾਰਮ ਵਿਚ ਇਹ ਖਾਨਾ ਲੜੀ ਨੰ: 13 ਉੱਤੇ ਹੈ ਪਰ ਜਨਗਣਨਾ 2011 ਵਿਚ ਇਹ ਲੜੀ ਨੰ: 15 ਉੱਤੇ ਸੀ। ਇਸ ਖਾਨੇ ਵਿਚ ਇਕ ਵਿਸ਼ੇਸ਼ ਕਥਨ ਦਿੱਤਾ ਗਿਆ ਹੈ ਕਿ ਅਨੁਸੂਚਿਤ ਜਾਤਾਂ ਦੇ ਕੋਲ ਸਿਰਫ ਤਿੰਨ ਧਰਮ ਭਾਵ ਹਿੰਦੂ, ਸਿੱਖ ਅਤੇ ਬੋਧੀ ਹੀ ਹਨ, ਜਿਹਨਾਂ ਵਿਚ ਉਹ ਆਪਣੇ ਆਪ ਨੂੰ ਦਰਜ ਕਰਵਾ ਸਕਦੇ ਹਨ, ਹੋਰ ਕਿਸੇ ਧਰਮ ਵਿਚ ਨਹੀਂ ਜਦੋਂ ਕਿ ਐਸ. ਟੀ. ਆਪਣੇ ਆਪ ਨੂੰ ਕਿਸੇ ਵੀ ਧਰਮ ਵਿਚ ਦਰਜ ਕਰਵਾ ਸਕਦਾ ਹੈ। ਇਸਦਾ ਕਾਰਨ ਇਹ ਹੈ ਕਿ ਸੰਵਿਧਾਨ ਦੀ ਧਾਰਾ 341 ਰਾਹੀਂ ਰਾਸ਼ਟਰਪਤੀ ਦੁਆਰਾ ਜੋ ਆਰਡਰ 1950 ਅਨੁਸਾਰ ਅਨੁਸੂਚਿਤ ਜਾਤੀਆਂ ਦੀ ਸੂਚੀ ਜਾਰੀ ਕੀਤੀ ਗਈ ਸੀ। ਉਸਦੇ ਅਧੀਨ ਹੀ ਆਉਂਦੀ ਜਾਤੀ ਨੂੰ ਅਨੁਸੂਚਿਤ ਜਾਤੀ ਦਾ ਦਰਜਾ ਮਿਲਣਾ ਹੈ। ਇਸਦੇ ਹੀ ਪੈਰਾ ਨੰ: 3 ਮੁਤਾਬਕ ਕੋਈ ਵੀ ਵਿਅਕਤੀ ਜੋ ਬੋਧੀ, ਹਿੰਦੂ ਜਾਂ ਸਿੱਖ ਧਰਮ ਤੋਂ ਇਲਾਵਾ ਕਿਸੇ ਹੋਰ ਧਰਮ ਨੂੰ ਦਰਜ ਕਰਵਾਏਗਾ ਉਸਨੂੰ ਐਸ. ਸੀ. ਨਹੀਂ ਮੰਨਿਆ ਜਾਵੇਗਾ। ਇਸ ਤਰ੍ਹਾਂ ਐਸ. ਸੀ. ਨੂੰ ਮਿਲਣ ਵਾਲੇ ਅਧਿਕਾਰ ਉਹਨਾਂ ਦੀ ਧਾਰਮਿਕ ਪਛਾਣ ਨਾਲ ਬੱਝੇ ਹੋਏ ਹਨ ਅਤੇ ਇਹਨਾਂ ਨੂੰ ਇਕ-ਦੂਜੇ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਜੇ ਕੋਈ ਐਸ. ਸੀ. ਵਿਅਕਤੀ ਜਨਗਣਨਾ ਵਿਚ ਆਪਣਾ ਧਰਮ ਇਹਨਾਂ ਤਿੰਨਾਂ ਧਰਮਾਂ ਤੋਂ ਇਲਾਵਾ ਹੋਰ ਧਰਮ ਲਿਖਵਾਉਂਦਾ ਹੈ ਉਹ ਗੈਰ-ਸੰਵਿਧਾਨਕ ਹੈ ਅਤੇ ਜਨਗਣਨਾ ਐਕਟ 1948 ਅਨੁਸਾਰ ਗਲਤ ਜਾਣਕਾਰੀ ਦੇਣ ਕਰਕੇ ਦੋਸੀ ਵੀ ਮੰਨਿਆ ਜਾਵੇਗਾ।

**(ਅ) ਪੜਾਅ** : ਦੂਜਾ ਇਸ ਵਿਚ ਮਰਦਮਸੁਮਾਰੀ ਕੀਤੀ ਜਾਣੀ ਹੈ ਜੋ ਬਹੁਤ ਮਹੱਤਵਪੂਰਨ ਹੈ। ਭਾਰਤ ਦੇ ਸੰਵਿਧਾਨ ਵਿਚ ਐਸੀ ਸੀ./ਐਸ. ਟੀ. ਲਈ ਦਰਜ ਕੁਝ ਖਾਸ ਉਪਬੰਧਾਂ ਦੀ ਪੂਰਤੀ ਕਰਨ ਲਈ ਇਹਨਾਂ ਵਰਗਾਂ ਦੀ ਗਿਣਤੀ ਦਾ ਪਤਾ ਕੀਤਾ ਜਾਣਾ ਲਾਜਮੀ ਹੈ ਅਤੇ ਇਹ ਕੰਮ ਜਨਗਣਨਾ ਮਾਧਿਅਮ ਰਾਹੀਂ ਫ਼ਾਰਮ ਵਿਚ ਇਕ ਖਾਸ ਖਾਨਾ ਬਣਾ ਕੇ ਕੀਤਾ ਜਾਂਦਾ ਹੈ। ਜਨਗਣਨਾ 2011 ਦੇ ਫਾਰਮ ਵਿਚ ਇਹ ਖਾਸ ਖਾਨਾ ਲੜੀ ਨੰ: 8 ਉਪਰ ਦਰਜ ਸੀ ਅਤੇ ਫਾਰਮ ਦੇ ਥੱਲੇ ਤਿੰਨਾਂ ਧਰਮਾਂ ਸਬੰਧੀ ਵਿਸ਼ੇਸ਼ ਕਥਨ ਵੀ ਦਰਜ ਸੀ।

ਜੇਕਰ ਐਸ. ਸੀ. ਲੋਕਾਂ ਨੇ ਧਰਮ ਲਿਖਵਾਉਣ ਵੇਲੇ ਸਾਵਧਾਨੀ ਨਾ ਵਰਤੀ ਅਤੇ ਕਾਨੂੰਨੀ ਉਪਬੰਧਾਂ ਦੀ ਮਹੱਤਤਾ ਨਾ ਸਮਝੀ ਤਾਂ ਇਸ ਵਰਗ ਦੇ ਲੋਕਾਂ ਨੂੰ ਸੰਵਿਧਾਨ ਵਿਚ ਦਰਜ ਅਧਿਕਾਰਾਂ ਤੋਂ ਵਾਂਝੇ ਹੋਣਾ ਪੈ ਸਕਦਾ ਹੈ।

5. **ਸਾਜਿਸ ਤੋਂ ਸਾਵਧਾਨ** : ਐਸ. ਸੀ./ਐਸ. ਟੀ. ਵਰਗਾਂ ਲਈ ਕਿਵੇਂ ਨਾ ਕਿਵੇਂ ਸਾਜਿਸਾਂ ਘੜ ਕੇ ਰਾਖਵਾਂਕਰਨ 'ਤੇ ਹਮਲੇ ਕੀਤੇ ਜਾਂਦੇ ਹਨ ਤਾਂ ਜੋ ਕਿਸੇ ਤਰ੍ਹਾਂ ਇਹਨਾਂ ਦੀ ਗਿਣਤੀ ਘਟਾ ਕੇ ਰਾਖਵਾਂਕਰਨ ਵੀ ਘੱਟ ਕਰ ਦਿੱਤਾ ਜਾਵੇ। ਮਿਸਾਲ ਦੇ ਤੌਰ 'ਤੇ ਅੰਗਰੇਜ਼ੀ ਸਰਕਾਰ ਦੇ ਅਧੀਨ ਗੌਰਮਿੰਟ ਆਫ ਇੰਡੀਆ ਐਕਟ 1935 ਵਿਚ ਵਿਸ਼ੇਸ਼ ਅਧਿਕਾਰ ਪਹਿਲੀ ਵਾਰ ਦਰਜ ਹੋਏ ਸਨ। ਫਿਰ 1941 ਦੀ ਜਨਗਣਨਾ ਕੀਤੀ ਗਈ ਤਾਂ ਇਸ ਵਿਚ ਪਹਿਲਾਂ ਜਾਤੀ ਦਾ ਖਾਨਾ ਭਰਿਆ ਗਿਆ ਸੀ ਤੇ ਬਾਅਦ ਵਿਚ ਧਰਮ ਦਾ, ਜਦੋਂ ਕਿ ਆਜਾਦ ਭਾਰਤ ਵਿਚ 1951 ਤੋਂ ਲੈ ਕੇ ਸਾਰੀਆਂ ਜਨਗਣਨਾਵਾਂ ਵਿਚ ਉਲਝਣ ਪੈਦਾ ਕਰਨ ਲਈ ਧਰਮ ਦਾ ਖਾਨਾ ਪਹਿਲਾਂ ਬਣਾਇਆ ਗਿਆ ਅਤੇ ਜਾਤੀ ਦਾ ਬਾਅਦ ਵਿਚ/ਮਤਲਬ ਜਦੋਂ ਅ. ਜ. ਦੇ ਲੋਕਾਂ

ਨੇ ਪਹਿਲਾਂ ਇਹਨਾਂ ਤਿੰਨਾਂ ਧਰਮਾਂ ਤੋਂ ਇਲਾਵਾ ਕੋਈ ਹੋਰ ਧਰਮ ਲਿਖਵਾ ਦਿੱਤਾ ਤਾਂ ਬਾਅਦ ਵਿਚ ਕੋਈ ਵੀ ਜਾਤੀ ਭਰਨ ਨਾਲ ਉਸਨੂੰ ਅਨੁਸੂਚਿਤ ਜਾਤੀ ਦਾ ਵਿਅਕਤੀ ਲਿਖਿਆ ਹੀ ਨਹੀਂ ਜਾ ਸਕਦਾ। ਸਿੱਟੇ ਵਜੋਂ ਅ. ਜਾਤੀ ਵਰਗ ਦੀ ਗਿਣਤੀ ਘਟਣੀ ਤੈਅ ਹੈ, ਜਿਸਦਾ ਅਸਰ ਦੂਰ ਤੱਕ ਪਵੇਗਾ।

ਜਨਗਣਨਾ ਵਿਚ ਸਭ ਧਰਮਾਂ ਦੀ ਗਿਣਤੀ ਕੀਤੀ ਜਾਂਦੀ ਹੈ ਪਰ ਫਾਰਮ ਵਿਚ ਪ੍ਰਮੁੱਖ ਛੇ ਧਰਮਾਂ (ਹਿੰਦੂ, ਮੁਸਲਿਮ, ਸਿੱਖ, ਇਸਾਈ, ਬੋਧੀ, ਜੈਨ) ਹੀ ਲਿਖੇ ਹੁੰਦੇ ਹਨ। ਹਰ ਧਰਮ ਦੇ ਸਾਹਮਣੇ ਉਸਦਾ ਕੋਡ ਨੰਬਰ ਹੁੰਦਾ ਹੈ। ਇਹਨਾਂ ਛੇ ਧਰਮਾ ਤੋਂ ਇਲਾਵਾ ਹੋਰ ਕੋਈ ਧਰਮ ਭਰਨ ਨਾਲ ਉਸਦੀ ਗਿਣਤੀ ਹੋਰ ਧਰਮ ਦੇ ਖਾਨੇ ਵਿਚ ਕਰ ਲਈ ਜਾਂਦੀ ਹੈ, ਜਿਸਦਾ ਕੋਡ ਨੰ: ਵੀ ਬਾਅਦ ਵਿਚ ਦਫਤਰ ਵਿਚ ਜਾ ਕੇ ਭਰਿਆ ਜਾਂਦਾ ਹੈ। ਇਸੇ ਤਰ੍ਹਾਂ ਜੇ ਕੋਈ ਵਿਅਕਤੀ ਆਖਦਾ ਹੈ ਕਿ ਉਸਦਾ ਕੋਈ ਧਰਮ ਨਹੀਂ ਤਾਂ ਧਰਮ ਦੇ ਖਾਨੇ ਵਿਚ ਬਣੇ 'ਕੋਈ ਵੀ ਧਰਮ ਨਹੀਂ' ਵਿਚ ਉਸਨੂੰ ਲਿਖ ਲਿਆ ਜਾਂਦਾ ਹੈ। ਦੇਸ਼ ਵਿਚ 'ਹੋਰ ਧਰਮਾਂ ਦੀ ਗਿਣਤੀ 83 ਹੈ ਅਤੇ ਇਹਨਾਂ ਵਿਚੋਂ ਪੰਜਾਬ ਵਿਚ' ਹੋਰ ਧਰਮਾਂ ਦੀ ਗਿਣਤੀ 20 ਹੈ।

ਇੱਥੇ ਇਹ ਵਰਣਨਯੋਗ ਹੈ ਕਿ ਵਿਰੋਧੀਆਂ ਵੱਲੋਂ ਹਰ ਵਾਰੀ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਕਿਸੇ ਨੂੰ ਵੀ ਆਪਣੀ ਮਰਜੀ ਦਾ ਧਰਮ ਲਿਖਵਾਉਣ ਦੀ ਪੂਰੀ ਆਜ਼ਾਦੀ ਹੈ। ਪਰ ਐਸ. ਸੀ. ਨੂੰ ਤਿੰਨ ਧਰਮਾਂ (ਹਿੰਦੂ, ਸਿੱਖ, ਬੋਧੀ) ਤੋਂ ਇਲਾਵਾ ਕੋਈ ਹੋਰ ਧਰਮ ਵਿਚ ਲਿਖਵਾਉਣ ਨਾਲ ਉਸਦੀ ਗਿਣਤੀ ਘੱਟ ਜਾਵੇਗੀ ਅਤੇ ਰਾਖਵੇਂਕਰਨ ਦੀ ਪ੍ਰਤੀਸਤਤਾ ਵੀ ਘਟ ਜਾਵੇਗੀ। ਇਸਦਾ ਅਸਰ ਪੰਚਾਇਤ ਦੇ ਪੰਚਾਂ, ਸਰਪੰਚਾਂ, ਜ਼ਿਲ੍ਹਾ ਪ੍ਰੀਸ਼ਦ ਤੋਂ ਲੈ ਕੇ ਐਮ. ਐਲ. ਏ., ਐਮ. ਪੀ. ਅਤੇ ਵਜੀਰਾਂ ਤੱਕ ਪਵੇਗਾ ਕਿਉਂਕਿ ਸੰਵਿਧਾਨ ਦੇ ਅਨੁਛੇਦ 330 ਅਨੁਸਾਰ ਸੂਬੇ ਜਾਂ ਯੂ. ਟੀ. ਵਿਚ ਐਸ. ਸੀ. ਦਾ ਗਿਣਤੀ ਅਨੁਸਾਰ ਲੋਕ ਸਭਾ ਦੀਆਂ ਸੀਟਾਂ ਨਿਰਧਾਰਿਤ ਹੋਣਗੀਆਂ ਅਤੇ ਇਸੇ ਤਰ੍ਹਾਂ ਅਨੁਛੇਦ 332 ਅਨੁਸਾਰ ਹਰ ਸੂਬੇ/ਯੂ. ਟੀ. ਵਿਚ ਐਸ. ਸੀ. ਦੀ ਗਿਣਤੀ ਅਨੁਸਾਰ ਵਿਧਾਨ ਸਭਾਵਾਂ ਦੀਆਂ ਸੀਟਾਂ ਨਿਰਧਾਰਿਤ ਹੋਣਗੀਆਂ। ਜਿੱਥੋਂ ਤੱਕ ਪੰਚਾਂ ਦੇ ਰਾਖਵੇਂਕਰਨ ਦਾ ਸਬੰਧ ਹੈ ਉਹ ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 11 ਅਨੁਸਾਰ ਗਰਾਮ ਸਭਾ ਵਿਚ ਮੈਂਬਰਾਂ ਦੀ ਕੁੱਲ ਗਿਣਤੀ ਵਿਚੋਂ ਐਸ. ਸੀ. ਵਰਗ ਦੀ ਗਿਣਤੀ ਅਨੁਸਾਰ ਪੰਚਾਂ ਦੀਆਂ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ। ਧਾਰਾ 12 ਅਨੁਸਾਰ ਜਲ੍ਹਿੇ ਦੀ ਕੁੱਲ ਗਿਣਤੀ ਵਿਚੋਂ ਅਨੁ, ਜਾਤਾਂ ਵਰਗ ਦੀ ਗਿਣਤੀ ਅਨੁਸਾਰ ਉਸ ਜ਼ਿਲ੍ਹੇ ਵਿਚਲੀਆਂ ਗਰਾਮ ਪੰਚਾਇਤਾਂ ਦੇ ਸਰਪੰਚਾਂ ਦੀਆਂ ਕੁੱਲ ਸੀਟਾਂ ਵਿਚੋਂ ਸੀਟਾਂ ਰਾਖਵੀਆਂ ਰੱਖੀਆਂ ਜਾਣਗੀਆਂ। ਇਸੇ ਪ੍ਰਕਾਰ ਜ਼ਿਲ੍ਹਾ ਪ੍ਰੀਸਦ, ਬਲਾਕ ਸੰਮਤੀ ਦੇ ਚੇਅਰਮੈਨ, ਉਪ ਚੇਅਰਮੈਨ ਵਿਚ ਵੀ ਰਾਖਵਾਂਕਰਨ ਦਿੱਤਾ ਜਾਂਦਾ ਹੈ। ਇਸ ਲਈ ਉਚਿਤ ਰਾਖਵੇਂਕਰਨ ਲਈ ਐਸ. ਸੀ. ਮੈਂਬਰਾਂ ਨੂੰ ਸਹੀ ਜਾਣਕਾਰੀ ਪ੍ਰਾਪਤ ਕਰਕੇ ਜਾਤੀ ਜਨਗਣਨਾ ਵਿਚ ਹਿੱਸਾ ਲੈਣਾ ਚਾਹੀਦਾ ਹੈ।

**6. ਡੀ.-ਲਿਮੀਟੇਸਨ ਐਕਟ :** ਸੰਵਿਧਾਨ ਦੇ ਅਨੁਛੇਦ 82 ਅਤੇ 170 ਅਨੁਸਾਰ ਸੀਟਾਂ ਦੀ ਗਿਣਤੀ ਵਿਚ ਫੇਰਬਦਲ (ਘੱਟ ਜਾਂ ਵੱਧ) 'ਡੀਲਿਮੀਟੇਸਨ ਐਕਟ' ਬਣਾ ਕੇ ਕੀਤਾ ਜਾਣਾ ਸੀ ਜੋ 1951 ਤੋਂ 2011 ਤੱਕ 7 ਜਨਗਣਨਾ ਤੋਂ ਬਾਅਦ ਹੀ 7 ਵਾਰੀ ਕੀਤਾ ਜਾਣਾ ਬਣਦਾ ਸੀ ਪਰ ਸਰਕਾਰਾਂ ਕਿਉਂਕਿ ਅ. ਜਾਤੀ/ਅ. ਜਨਜਾਤੀ ਲਈ ਦਿਲੋਂ ਖੈਰ ਖੁਆਹ ਨਹੀਂ ਇਸ ਲਈ ਸਿਰਫ 4 ਵਾਰੀ ਹੀ ਇਹ ਕੰਮ ਕੀਤਾ ਗਿਆ। ਹੋਰ ਸਾਜ਼ਿਸ਼ ਇਹ ਕੀਤੀ ਗਈ ਕਿ 1976 ਵਿਚ ਲਿਆਂਦੀ 42ਵੀਂ ਸੋਧ ਅਨੁਸਾਰ ਤਾਂ ਇਸ ਪ੍ਰਕਰਣ ਨੂੰ 'ਸੰਵਿਧਾਨਕ ਪਾਬੰਦੀ' ਦੇ ਨਾਂ ਹੇਠ 2001 ਤੱਕ ਟਾਲ ਦਿੱਤਾ ਗਿਆ ਸੀ। ਇਸ ਪਾਬੰਦੀ ਨੂੰ ਹੁਣ 2026 ਤੋਂ ਬਾਅਦ ਹੋਣ ਵਾਲੀ ਜਨਗਣਨਾ ਭਾਵ 2031 ਤੱਕ ਟਾਲਿਆ ਗਿਆ ਹੈ। ਇਸਦਾ ਮਤਲਬ ਇਹ ਹੋਇਆ ਕਿ ਅਨੁਸੂਚਿਤ ਜਾਤਾਂ ਅਤੇ ਅਨੁਸੂਚਿਤ ਜਨਜਾਤਾਂ ਦੀ ਗਿਣਤੀ ਵਿਚ ਚਾਹੇ ਜਿੰਨਾ ਮਰਜ਼ੀ ਵਾਧਾ ਜਨਗਣਨਾਂ ਵਿਚ ਦਰਜ ਹੋਵੇ ਪਰ ਉਹਨਾਂ ਦੀ ਗਿਣਤੀ ਦੇ ਅਨੁਪਾਤ ਵਿਚ ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਵਿਚ ਸੀਟਾਂ ਦੀ ਗਿਣਤੀ ਦੀ ਸਮੀਖਿਆ 2031 ਦੀ ਜਨਗਣਨਾ ਦੇ ਅੰਕੜੇ ਆਉਣ ਤੋਂ ਬਾਅਦ ਹੀ ਕੀਤੀ ਜਾ ਸਕੇਗੀ। ਇਹ ਇਸ ਲਈ ਕੀਤਾ ਗਿਆ ਕਿ ਅਨੁਸੂਚਿਤ ਜਾਤਾਂ ਤੇ ਜਨਜਾਤਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਸੀ ਤੇ ਨਤੀਜੇ ਵਜੋਂ ਰਾਖਵੀਆਂ ਸੀਟਾਂ ਵਿਚ ਵੀ ਵਾਧਾ ਹੋ ਰਿਹਾ ਸੀ। ਇਹ ਰੁਝਾਨ ਸਰਕਾਰਾਂ ਨੂੰ ਚੰਗਾ ਨਹੀਂ ਸੀ ਲੱਗ ਰਿਹਾ। ਪੰਜਾਬ ਵਿਚ 1971 ਵਿਚ ਐਮ.ਐਲ.ਏ. ਦੀਆਂ ਸੀਟਾਂ ਵਿਚੋਂ ਰਾਖਵੀਆਂ ਸੀਟਾਂ 23 ਸਨ, ਜੋ 2001 ਵਿਚ ਵੱਧ ਕੇ 29 ਹੋ ਗਈਆਂ ਸਨ।

ਭਾਰਤ ਵਿਚ 1971 ਵਿਚ ਕੁਲ ਐਮ. ਐਲ. ਏ. ਦੀਆਂ

ਰਾਖਵੀਆਂ ਸੀਟਾਂ 516 ਸਨ ਜੋ 2001 ਵਿਚ ਵੱਧ ਕੇ 570 ਹੋ ਗਈਆਂ ਸਨ, ਲੋਕ ਸਭਾ ਦੀਆਂ ਭਾਵੇਂ 77 ਤੋਂ 79 ਹੀ ਹੋਈਆਂ ਸਨ। ਜੇ ਡੀਲਿਮੀਟੇਸ਼ਨ ਐਕਟ ਨੂੰ ਟਾਲਿਆ ਨਾ ਜਾਂਦਾ ਤਾਂ ਰਾਖਵੀਆਂ ਸੀਟਾਂ ਵਿਚ ਹੋਇਆ ਵਾਧਾ ਅੱਜ ਪੂਰਾ ਲਾਗੂ ਹੋਇਆ ਹੁੰਦਾ।

ਅਗਲੀ ਜਾਤੀਗਣਨਾ ਵਿਚ ਐਸ. ਸੀ./ਐਸ. ਟੀ. ਵਰਗ ਨੇ ਨਾਸਮਝੀ ਵਿਚ ਆਪਣੀ ਜਾਤੀ ਅਤੇ ਧਰਮ ਦੇ ਚੱਕਰ ਵਿਚ ਗਲਤੀ ਕਰ ਲਈ ਤਾਂ ਐਮ. ਪੀ., ਐਮ. ਐਲ. ਏ.. ਨੌਕਰੀਆਂ, ਵਿਦਿਅਕ ਅਦਾਰਿਆਂ ਅਤੇ ਪੰਚਾਇਤੀ ਰਾਜ ਢਾਂਚੇ ਵਿਚ ਰਾਖਵੀਆਂ ਸੀਟਾਂ ਦਾ ਨੁਕਸਾਨ ਤਾਂ ਹੋਵੇਗਾ ਹੀ ਇਹ ਵੀ ਹੋ ਸਕਦਾ ਹੈ ਕਿ ਗਿਣਤੀ ਘਟਣ ਕਾਰਨ ਜੋ ਪਹਿਲਾਂ ਵੱਧ ਮਿਲ ਰਿਹਾ ਰਾਖਵਾਂਕਰਨ ਹੈ, ਉਸਨੂੰ ਇਕ ਬਹਾਨਾ ਬਣਾ ਕੇ ਰਾਖਵਾਂਕਰਨ ਬੰਦ ਕਰਨ ਵੱਲ ਹੀ ਕਦਮ ਪੁੱਟੇ ਜਾਣ। ਕੇਂਦਰ ਸਰਕਾਰ ਦੇ ਇਕ ਮੰਤਰੀ ਜਤਿੰਦਰ ਸਿੰਘ 2019 ਵਿਚ ਆਖ ਚੁੱਕੇ ਹਨ ਕਿ ਐਸ. ਸੀ./ਐਸ. ਟੀ. ਲੋਕਾਂ ਦੀ ਕੇਂਦਰ ਸਰਕਾਰ ਦੀਆਂ ਨੌਕਰੀਆਂ ਵਿਚ ਗਿਣਤੀ ਇਹਨਾਂ ਵਰਗਾਂ ਦੀ ਗਿਣਤੀ ਦੇ ਅਨੁਪਾਤ ਤੋਂ ਵੱਧ ਹੈ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਓ. ਬੀ. ਸੀ. ਦੇ ਸਬੰਧ ਵਿਚ ਫਿਲਹਾਲ ਧਰਮ ਤੇ ਜਾਤੀ ਲਿਖਵਾਉਣ ਦੀ ਐਸ. ਸੀ. ਵਰਗ ਜਿਹੀ ਉਲਝਣ ਨਹੀਂ ਹੈ, ਜਿਸਦਾ ਅਸਰ ਉਹਨਾਂ ਦੀ ਗਿਣਤੀ ਅਤੇ ਰਾਖਵੇਂਕਰਨ 'ਤੇ ਪੈ ਸਕਦਾ ਹੈ। ਪਰ ਉਹਨਾਂ ਪ੍ਰਤੀ ਸਰਕਾਰ ਕੀ ਰੁਖ ਅਪਣਾਉਂਦੀ ਹੈ, ਉਸ ਵੱਲ ਉਚੇਚਾ ਧਿਆਨ ਦੇਣ ਦੀ ਜ਼ਰੂਰਤ ਰਹੇਗੀ। ਓ. ਬੀ. ਸੀ. ਦੀ ਸਹੀ ਗਿਣਤੀ ਕਰਵਾਉਣ ਨਾਲ ਉਹਨਾਂ ਦੀ ਗਿਣਤੀ ਬਿਹਾਰ ਵਿਚ ਅਤੇ ਕਰਨਾਟਕਾ ਵਿਚ ਜਿਸ ਅਨੁਪਾਤ ਨਾਲ ਬਹੁਤ ਵਧੀ ਹੈ, ਵੇਖਣਾ ਹੋਵੇਗਾ ਕਿ ਉਹ ਇਸਦਾ ਲਾਭ ਵਿਤੀ ਯੋਜਨਾਬੰਦੀ ਅਤੇ ਰਾਖਵੇਂਕਰਨ ਵਿਚ ਲੈ ਸਕਦੇ ਹਨ ਜਾਂ ਨਹੀਂ। ਉਪਰੋਕਤ ਵਰਣਨ ਅਨੁਸਾਰ ਰਾਖਵਾਂਕਰਨ ਹਿਸੇਦਾਰੀ ਦਾ ਮਾਮਲਾ ਹੈ।

ਇਹ ਹਿੱਸੇਦਾਰੀ ਲੈਣ ਲਈ ਐਸ. ਸੀ.. ਐਸ. ਟੀ. ਅਤੇ ਓ.ਬੀ. ਸੀ. ਨੂੰ ਮਿਲ ਕੇ ਸੰਘਰਸ਼ ਕਰਨਾ ਪਵੇਗਾ ਕਿਉਂਕਿ ਇਹਨਾਂ ਦਾ ਹਿੱਸਾ ਘੱਟ ਗਿਣਤੀ ਉਪਰਲੇ ਤਿੰਨ ਵਰਗ ਬਹੁਤ ਦੇਰ ਤੋਂ ਹੜਪਦੇ ਆ ਰਹੇ ਹਨ। ਯਾਦ ਰਹੇ ਮੰਡਲ ਕਮਿਸ਼ਨ ਲਾਗੂ ਕਰਵਾਉਣ ਲਈ 'ਬਹੁਜਨ ਸਮਾਜ ਲਹਿਰ' ਦੇ ਬਾਨੀ ਕਾਂਸ਼ੀ ਰਾਮ ਨੇ ਐਸ. ਸੀ.. ਐਸ. ਟੀ. ਨੂੰ ਨਾਲ ਲੈ ਕੇ ਇਕ ਜਬਰਦਸਤ ਸੰਘਰਸ਼ ਕੀਤਾ ਸੀ, ਜਿਸਦੀ ਲੋੜ ਭਵਿੱਖ ਵਿਚ ਵੀ ਰਹੇਗੀ ਕਿਉਂਕਿ ਹਿਸੇਦਾਰੀ ਪ੍ਰਾਪਤ ਕਰਨ ਦੀ ਲੋੜ ਇਹਨਾਂ ਤਿੰਨਾਂ ਵਰਗਾਂ ਨੂੰ ਹੀ ਹੈ ਉਪਰਲੇ ਤਿੰਨ ਵਰਗ ਤਾਂ ਪਹਿਲਾਂ ਤੋਂ ਹੀ ਵਧ ਹਿੱਸੇਦਾਰੀ ਲੈ ਰਹੇ ਹਨ ਤੇ ਸਰਬ ਸੰਪੰਨ ਹਨ ਉਹਨਾਂ ਦੀ ਵਾਧੂ ਦੀ ਹਿੱਸੇਦਾਰੀ ਨਾ ਖੁਸੇ, ਉਹ ਇਸ ਵਾਸਤੇ ਚਾਲਾਂ ਚੱਲਣਗੇ ਅਤੇ ਸੰਘਰਸ਼ ਵੀ ਕਰਨਗੇ।

**7. ਫਾਰਮ ਭਰਨ ਲੱਗਿਆਂ ਸਾਵਧਾਨੀਆਂ** :- ਜਦੋਂ ਵੀ ਜਾਤੀ ਜਨਗਣਨਾ ਆਰੰਭ ਹੁੰਦੀ ਹੈ ਉਦੋਂ ਤੋਂ ਹੀ ਐਸ. ਸੀ.. ਐਸ. ਟੀ. ਅਤੇ ਓ. ਬੀ. ਸੀ. ਵਰਗ ਨੂੰ ਸਾਵਧਾਨ ਹੋ ਕੇ ਚੱਲਣ ਦੀ ਲੋੜ ਹੈ ਅਤੇ ਇਸ ਪ੍ਰਤੀ ਹਰ ਗਤੀਵਿਧੀ ਤੇ ਨਜ਼ਰ ਰੱਖਣ ਦੀ ਜ਼ਰੂਰਤ ਹੈ। ਫਾਰਮ ਭਰਨ ਲੱਗਿਆਂ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਰੱਖਣਾ ਬਹੁਤ ਜ਼ਰੂਰੀ ਹੈ :

1. ਫਾਰਮ ਭਰਨ ਲੱਗਿਆ ਜਿਸ ਵੀ ਰੰਗ ਦੇ ਪੈਨ ਨਾਲ ਭਰਨਾ ਜ਼ਰੂਰੀ ਦੱਸਿਆ ਹੋਵੇ ਉਹ ਹੀ ਵਰਤੋਂ ਕੱਚੀ ਪੈਨਸਿਲ ਨਾਲ ਕਦੇ ਨਾ ਭਰੇ ਤਾਂ ਜੋ ਕਿਸੇ ਵੱਲੋਂ ਮਿਟਾ ਕੇ ਹੋਰ ਸੂਚਨਾਂ ਨਾ ਭਰੀ ਜਾ ਸਕੇ। ਜੇ ਇਲੈਕਟ੍ਰਾਨਿਕ ਤਰੀਕਿਆਂ ਨਾਲ ਭਰਨੀ ਦੱਸੀ ਹੋਵੇ ਤਾਂ ਕਿਸੇ ਮਾਹਿਰ ਨੂੰ ਕੋਲ ਬਿਠਾ ਕੇ ਹੀ ਭਰਨੀ ਚਾਹੀਦੀ ਹੈ।

2. ਫਾਰਮ ਭਰਨ ਵਾਲੇ ਅਧਿਕਾਰੀ ਨੂੰ ਧਰਮ ਅਤੇ ਹੋਰ ਜਾਣਕਾਰੀ ਆਪਣੀ ਮਰਜ਼ੀ ਨਾਲ ਨਾ ਭਰਨ ਨੂੰ ਯਕੀਨੀ ਬਣਾਇਆ ਜਾਵੇ।

3. ਪਰਿਵਾਰ ਦੇ ਹਰ ਜੀਅ ਦਾ ਵੱਖਰਾ ਧਰਮ ਹੋ ਸਕਦਾ ਹੈ ਪਰ ਐਸ. ਸੀ. ਨੂੰ ਇਹਨਾਂ ਤਿੰਨਾਂ ਧਰਮਾਂ ਅਰਥਾਤ ਹਿੰਦੂ, ਸਿੱਖ ਅਤੇ ਬੋਧੀ ਵਿਚੋਂ ਕੋਈ ਇਕ ਭਰਨਾ ਜ਼ਰੂਰੀ ਹੈ। ਖਿਆਲ ਰੱਖਣ ਦੀ ਲੋੜ ਹੈ ਕਿ ਜਿਹੜੇ ਐਸ. ਸੀ. ਲੋਕ ਕਿਸੇ ਧਰਮ ਨੂੰ ਪੱਕੇ ਤੌਰ 'ਤੇ ਅਪਣਾ ਚੁੱਕੇ ਹਨ ਅਤੇ ਐਸ. ਸੀ. ਦਾ ਲਾਭ ਨਾਂ ਲਿਆ ਹੈ ਅਤੇ ਨਾ ਹੀ ਲੈਣਾ ਚਾਹੁੰਦੇ ਹਨ ਉਹ ਤਾਂ ਜੋ ਮਰਜ਼ੀ ਧਰਮ ਲਿਖਵਾ ਸਕਦੇ ਹਨ ਪਰ ਜੇ ਉਹ ਐਸ. ਸੀ. ਦਾ ਲਾਭ ਲੈਂਦੇ ਹਨ ਅਤੇ ਆਪਣਾ ਧਰਮ ਇਹਨਾਂ ਤਿੰਨਾਂ ਧਰਮਾਂ ਤੋਂ ਇਲਾਵਾ ਕੋਈ ਹੋਰ ਲਿਖਦੇ ਹਨ ਤਾਂ ਇਹ ਬਿਲਕੁਲ ਗੈਰ-ਸੰਵਿਧਾਨਕ ਹੈ ਅਤੇ ਕਾਨੂੰਨੀ ਤੌਰ 'ਤੇ ਜੁਰਮ ਵੀ ਹੈ।

4. ਧਰਮ ਲਿਖਵਾਉਣ ਤੋਂ ਬਾਅਦ ਆਪਣੇ ਆਪ ਨੂੰ ਐਸ. ਸੀ. ਦੇ ਖਾਨੇ ਵਿਚ ਦਰਜ ਕਰਵਾਉਣਾ ਲਾਜ਼ਮੀ ਹੈ ਅਤੇ ਉਸਤੋਂ ਬਾਅਦ ਸਬੰਧਤ ਸੂਬੇ ਵਿਚ ਲਾਗੂ ਐਸ. ਸੀ. ਲਿਸਟ ਵਿਚੋਂ

ਆਪਣੀ ਜਾਤੀ ਲਿਖਵਾਉਣੀ ਵੀ ਜ਼ਰੂਰੀ ਹੈ ਕਿਉਂਕਿ ਇਹ ਕਾਨੂੰਨੀ ਪਾਬੰਦੀ ਹੈ। ਇਸਤੋਂ ਬਿਨਾਂ ਐਸ. ਸੀ. ਵਰਗ ਦੀ ਗਿਣਤੀ ਵਿਚ ਵਾਧਾ ਵੀ ਸੰਭਵ ਨਹੀਂ ਹੈ। ਇੱਥੇ ਇਹ ਦੱਸਣਾ ਵੀ ਕੁਥਾਵਾਂ ਨਹੀਂ ਹੋਵੇਗਾ ਕਿ ਬੁਧਿਸਟ ਧਰਮ ਵਿਚ ਜਾਤਾਂ ਦੀ ਕੋਈ ਅਹਿਮੀਅਤ ਨਹੀਂ ਹੈ। ਕਿਸੇ ਵੀ ਜਾਤੀ ਦਾ ਮੈਂਬਰ ਆਪਣੇ ਆਪ ਨੂੰ ਬੁਧਿਸਟ ਧਰਮ ਵਿਚ ਦਰਜ ਕਰਵਾ ਸਕਦਾ ਹੈ। ਸਭ ਕੁਝ ਸੋਚ ਸਮਝ ਕੇ ਹੀ ਭਰਨਾ ਚਾਹੀਦਾ ਹੈ।

ਭਾਰਤ ਨੂੰ ਲੰਮੇ ਸਮੇਂ ਤੋਂ ਹਿੰਦੂ ਰਾਸ਼ਟਰ ਐਲਾਨੇ ਜਾਣ ਦੀਆਂ ਕੋਸ਼ਿਸ਼ਾਂ ਵੀ ਹੋ ਰਹੀਆਂ ਹਨ ਜਦੋਂ ਕਿ ਬਾਬਾ ਸਾਹਿਬ ਅੰਬੇਡਕਰ ਇਸ ਹੇਕ ਵਿਚ ਨਹੀਂ ਸਨ। ਹਿੰਦੂ ਧਰਮ ਵਿਚ ਜਾਤੀ ਆਧਾਰਿਤ ਜ਼ਿਆਦਤੀਆਂ ਦੀ ਹੀ ਦੇਣ ਅੱਜ ਦੀਆਂ ਅਨੁਸੂਚਿਤ ਜਾਤੀਆਂ ਅਨੁਸੂਚਿਤ ਕਬੀਲੇ ਅਤੇ ਓ. ਬੀ. ਸੀ. ਹੋਂਦ ਵਿਚ ਆਏ ਹਨ ਜਿਵੇਂ ਕਿ ਉਪਰ ਵਰਣਨ ਕੀਤਾ ਜਾ ਚੁੱਕਿਆ ਹੈ। ਹਿੰਦੂ ਧਰਮ ਦੀਆਂ ਅਣਮਨੁੱਖੀ ਕਦਰਾਂ ਕੀਮਤਾਂ ਨੇ ਹੀ ਬਾਬਾ ਸਾਹਿਬ ਨੂੰ ਬੁੱਧ ਧਰਮ ਅਪਣਾਉਣ ਵੱਲ ਧੱਕਿਆ ਸੀ। ਹਿੰਦੂ ਰਾਸ਼ਟਰ ਬਣਾਉਣ ਦੀਆਂ ਯੋਜਨਾਵਾਂ ਨੂੰ ਕੋਰਟਾਂ ਵੱਲੋਂ ਵੀ ਨਕਾਰਿਆ ਗਿਆ ਹੈ। ਨਮਾਹ ਨਾਮ ਦੇ ਇਕ ਵਿਅਕਤੀ ਨੇ 'ਨਮਾਹ ਬਨਾਮ ਭਾਰਤ ਸਰਕਾਰ' ਸਿਵਲ ਰਿਟ ਪਟੀਸਨ ਨੰਬਰ 422 ਸਾਲ 2020 ਮਾਣਯੋਗ ਸੁਪਰੀਮ ਕੋਰਟ ਵਿਚ ਦਾਖਲ ਕੀਤੀ ਸੀ, ਜਿਸ ਵਿਚ ਇਸ ਦੇਸ਼ ਦਾ ਨਾਂ ਹਿੰਦੁਸਤਾਨ ਬਣਾਉਣ ਸਬੰਧੀ ਭਾਰਤ ਸਰਕਾਰ ਨੂੰ ਧਿਰ ਬਣਾਇਆ ਗਿਆ ਸੀ। ਇਸ ਰੋਟ ਦੇ ਨਾਲ ਲਗਾਏ ਕਾਗਜਾਤ ਵਿਚ ਉਤਰ ਪ੍ਰਦੇਸ ਦੇ ਮੌਜੂਦਾ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਵੱਲੋਂ 2014 ਵਿਚ ਬਣਾਇਆ ਗਿਆ ਬਿਲ ਜਿਸਦਾ ਨੰਬਰ 121 ਸੀ, ਨਾਲ ਨੱਥੀ ਕੀਤਾ ਗਿਆ ਸੀ ਜੋ ਯੋਗੀ ਵੱਲੋਂ ਮਿਤੀ 13.3.2015 ਨੂੰ ਲੋਕ ਸਭਾ ਵਿਚ ਇਸ ਦੇਸ ਦਾ ਨਾਂ ਹਿੰਦੁਸਤਾਨ ਕਰਨ ਲਈ ਪੇਸ ਕੀਤਾ ਸੀ। ਇਹ ਬਿਲ ਲੋਕ ਸਭਾ ਵਿਚ ਨਾ ਵਿਚਾਰੇ ਜਾਣ ਕਾਰਨ ਸਮਾਪਤ ਹੋ ਗਿਆ ਸੀ। ਇਸਤੋਂ ਪਹਿਲਾਂ ਵੀ 5 ਮਾਰਚ 2010 ਨੂੰ ਯੋਗੀ ਵੱਲੋਂ ਇਸ ਦੇਸ਼ ਦਾ ਨਾਂ ਹਿੰਦੁਸਤਾਨ ਕਰਨ ਲਈ ਲੋਕ ਸਭਾ ਵਿਚ ਬਿਲ ਨੰ: 89 ਸਾਲ 2009 ਪੇਸ਼ ਕੀਤਾ ਜਾ ਚੁੱਕਿਆ ਹੈ ਜੋ 2014 ਦੇ ਬਿਲ ਦੀ ਤਰ੍ਹਾਂ ਹੀ ਸਮਾਪਤ ਹੋ ਚੁੱਕਾ ਹੈ। ਸੋ, ਇਸ ਦੇਸ ਨੂੰ ਹਿੰਦੂ ਰਾਸਟਰ ਬਣਨ ਤੋਂ ਰੋਕਣ ਲਈ ਐਸ. ਸੀ.. ਐਸ. ਟੀ. ਅਤੇ ਹੋਰ ਪਿਛੜੇ ਵਰਗਾਂ ਨੂੰ ਗਹਿਰ ਚਿੰਤਨ ਕਰਨ ਦੀ ਲੋੜ ਹੈ। ਜਾਤੀਵਾਦ ਉਹਨਾਂ ਦਾ ਅਤੇ ਦੇਸ਼ ਦਾ ਪਹਿਲਾਂ ਵੀ ਬਹੁਤ ਨੁਕਸਾਨ ਕਰ ਚੁੱਕਿਆ ਹੈ ਅਤੇ ਹੁਣ ਵੀ ਕਰ ਰਿਹਾ ਹੈ। ਇਹ ਉਹਨਾਂ ਨੇ ਅੱਗੋਂ ਵੀ ਜਾਰੀ ਰੱਖਣਾ ਹੈ ਜਾਂ ਨਹੀਂ ਇਹ ਚਿੰਤਨ ਕਰਨਾ ਪਵੇਗਾ।



**ਜਰੂਰੀ ਨੋਟ** : ਇਸ ਲੇਖ ਦੀ ਤਿਆਰੀ ਵਿਚ ਐਡਵੋਕੇਟ ਚਰਨਜੀਤ ਪੁਆਰੀ ਦੁਆਰਾ ਲਿਖੀ ਪੁਸਤਿਕਾ "ਜਨਗਣਨਾ, ਬਹੁਜਨ ਸਮਾਜ ਅਤੇ ਧਰਮ" ਦੀ ਸਹਾਇਤਾ ਵੀ ਲਈ ਗਈ ਹੈ, ਜਿਸ ਲਈ ਉਹ ਮੇਰੀ ਵੱਲੋਂ ਅਤੇ ਸਮੁੱਚੇ ਬਹੁਜਨ ਸਮਾਜ ਵਲੋਂ ਧੰਨਵਾਦ ਦੇ ਪਾਤਰ ਹਨ।


**ਫਤਿਹਜੰਗ ਸਿੰਘ**

**ਸਾਬਕਾ ਸੰਯੁਕਤ ਡਾਇਰੈਕਟਰ, ਪੰਜਾਬ**

**ਮੋਬਾਇਲ : 91-98726-70278**



**ਇਹ ਲੇਖ ਦੇਸ਼ ਦੁਆਬਾ 18 ਜੂਨ 2025 ਦੇ ਅੰਕ ਵਿਚੋਂ ਧੰਨਵਾਦ ਸਹਿਤ ਪ੍ਰਾਪਤ ਕੀਤਾ।**



'ਦੇਸ਼ ਦੁਆਬਾ'

'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com

# ਆਦਿ-ਧਰਮ ਦਾ ਜਨਮਦਾਤਾ ਬਾਬੂ ਮੰਗੂ ਰਾਮ ਮੁਗੋਵਾਲੀਆ

ਗੁਰਮੀਤ ਕੱਲਰਮਾਜਰੀ (ਡਾ.) ਪਟਿਆਲਾ


ਆਦਿ-ਧਰਮ ਮੰਡਲ ਦੀ ਸਥਾਪਨਾਂ ਉਸ ਸਮੇਂ ਹੋਈ ਜਦੋਂ ਸਾਡੇ ਉੱਤੇ ਕਈ ਤਰ੍ਹਾਂ ਦੇ ਅਤਿਆਚਾਰ ਹਿੰਦੂਆਂ ਵੱਲੋਂ ਹੋ ਰਹੇ ਸਨ। ਇਹ ਗੱਲ ਸਾਡੀ ਗਿਣਤੀ ਵਿੱਚ ਨਹੀਂ ਆਉਂਦੀ ਕਿੰਨੇ ਕ ਤੇੜੇ-ਤੇੜੇ ਸਾਡੇ ਨਾਂ ਰਖ ਕੇ, ਕੱਤੇ ਬਿਲੀਆਂ ਦੀ ਤਰ੍ਹਾਂ ਦਰਕਾਰਦੇ ਸਨ।ਅਤੇ ਕਈ ਤਰ੍ਹਾਂ ਦੇ ਫਤਵਿਆਂ ਵਿਚ ਜਕੜ ਕੇ ਮੁਸੀਬਤਾਂ ਵਿਚ ਪਾਇਆ ਹੋਇਆ ਸੀ। ਇਹ ਨੇ ਇੰਤਕਾਲਾਰਾਜੀ ਐਕਟ, 1901 ਵਿਚ ਹਕੂਮਤ ਕੋਲੋਂ ਪਾਸ ਕਰਵਾ ਕੇ ਲਾਗੂ ਕੀਤਾ। ਭਾਵ 12 ਕੌਮਾਂ ਤਾਂ ਸਭ ਤਰਾਂ ਨਾਲ ਮਾਲਕ ਬਣਾ ਦਿੱਤੀਆਂ ਅਤੇ ਬਾਕੀ ਸਾਰੀਆਂ ਕੰਮ ਵਾਸਤੇ 4 ਮਰਲੇ ਤੋਂ ਜ਼ਿਆਦਾ ਜਗ੍ਹਾ ਨਹੀਂ ਸੀ ਲੈ ਸਕਦੇ। 4 ਮਰਲੇ ਭੀ ਜਿੰਮੀਂਦਾਰਾਂ ਨੂੰ ਗੈਰ-ਮੌਰਸੀ ਕਰਾਰ ਦਿੱਤਾ ਗਿਆ। ਇਸ ਕਾਨੂੰਨ ਦੇ ਹੋਣ ਕਰਕੇ ਆਪਣੀ ਰਿਹਾਇਸ ਕੇ ਰਹਿਮ ਉਤੇ ਅਤੇ ਕਈ ਤਰ੍ਹਾਂ ਦੀਆਂ ਗੁਲਾਮੀ ਦੀਆਂ ਬੁੱਤੀਆਂ ਭਾਵ ਵਗਾਰਾਂ ਕਰਨ ਦਾ ਵਚਨ ਦੇ ਕੇ, ਨਾਲੇ ਪੈਸੇ ਦੇ ਕੇ ਫਿਰ ਸਾਨੂੰ ਰਜਤ ਨਾਮਿਆਂ ਵਿਚ ਰਹਿਣਾ ਪੈਂਦਾ ਸੀ। ਜਿਸ ਜ਼ਿੰਮੀਂਦਾਰ ਦੀ ਥਾਂ ਵਿਚ ਅਸੀਂ ਰਹਿੰਦੇ ਸੀ ਅਗਰ ਉਸ ਦੇ ਕਹੇ ਅਨੁਸਾਰ ਕਿਸੇ ਕੰਮ ਕਰਨ ਤੋਂ ਜਵਾਬ ਦੇਂਦੇ ਸੀ ਤਾਂ ਉਹ ਜ਼ਿੰਮੀਦਾਰ ਸੈਂਕੜੇ ਗਾਲੀ-ਗਲੋਚ ਕਰਕੇ ਹੁਕਮ ਦਿੰਦਾ ਸੀ ਕਿ ਤੁਸੀਂ ਆਪਣਾ ਬੋਰੀਆ ਬਿਸਤਰਾ ਬੰਨ੍ਹ ਕੇ ਚਲੇ ਜਾਓ। ਅਤੇ ਮੇਰੇ ਥਾਂ ਨੂੰ ਵਿਹਲਾ ਕਰੋ। ਫਿਰ ਅਸੀਂ ਉਸ ਦੀਆਂ ਮਿੰਨਤਾ ਤਰਲੇ ਕਰਨ ਨਾਲ ਅਤੇ ਕਈ ਤਰ੍ਹਾਂ ਦੀਆਂ ਬੁੱਤੀਆਂ ਦੇਣ ਨਾਲ ਆਪਣੇ ਘਰਾਂ ਵਿਚ ਰਹਿੰਦੇ ਸੀ। ਸਾਡੀ ਕਿਸੇ ਪਾਸੇ ਕੀ ਕੋਈ ਸੁਣਵਾਈ ਨਹੀ। ਸੀ ਹੁੰਦੀ। ਅਦਾਲਤਾਂ ਵਿਚ ਵੀ ਸਾਨੂੰ ਦੁਰਕਾਰਿਆ ਜਾਂਦਾ ਸੀ। ਸਾਨੂੰ ਦੇਸ਼ ਵਿਚ ਕੋਈ ਵੀ ਮਾਨਸਿਕ, ਧਾਰਮਿਕ, ਸਮਾਜਿਕ ਤੇ ਰਹੇ। ਪਿੰਡਾਂ ਵਿਚ ਜਿਤਨੀਆਂ ਉਚੀਆਂ ਜਾਤੀਆਂ ਵਸਦੀਆਂ ਸਨ ਉਤਨੀਆਂ ਹੀ ਸਾਡੇ ਤੇ ਹਕੂਮਤ ਕਰਦੀਆਂ ਸਨ। ਮੈਂ 1925 ਈ: ਵਿਚ ਦੇਸ਼ ਪਰਤ ਕੇ ਹਕੂਮਤਾਂ ਅਤੇ ਹਰ ਤਰ੍ਹਾਂ ਦੀ ਦੁਰਦਸ਼ਾ ਊਚ-ਨੀਚ ਦਾ ਸਵਾਲ ਅਤੇ ਜਾਤ ਪਾਤ ਦੇ ਝਗੜਿਆਂ ਦੀ ਗੁਲਾਮੀ ਤੋਂ ਕੌਮ ਨੂੰ ਮੁਕਤ ਕਰਾਉਣ ਦੀ ਵਿਚਾਰ ਕੀਤੀ।



ਮੈਂ ਆਪਣੇ ਕਈ ਪੁਰਾਣੇ ਸਾਥੀਆਂ ਤੋਂ ਪੁੱਛ ਗਿੱਛ ਕੀਤੀ ਕਿ ਸਾਡੇ ਉੱਤੋਂ ਇਹ ਸਮਾਜਕ ਗੁਲਾਮੀ ਕਿਸ ਤਰ੍ਹਾਂ ਦੂਰ ਹੋ ਸਕਦੀ ਹੈ ? ਸਾਰਿਆਂ ਨੇ ਕਿਹਾ ਕਿ ਇਹ ਕੰਮ ਬੜਾ ਮੁਸ਼ਕਲ ਜਿਹਾ ਹੈ। ਇਸ ਦਾ ਤਾਂ ਇਹੀ ਇਲਾਜ ਹੈ ਕਿ ਜੇਕਰ ਅਸੀਂ ਸਵਰਨ ਸਮਾਜ ਤੋਂ ਜੁਦੇ ਹੋ ਕੇ ਅਤੇ ਆਪਣੇ ਕਈ ਪੁਰਾਣੇ ਸਾਥੀਆਂ ਤੋਂ ਪੁੱਛ ਗਿੱਛ ਕੀਤੀ ਕਿ ਸਾਡੇ ਉੱਤੋਂ ਇਹ ਸਮਾਜਕ ਗੁਲਾਮੀ ਕਿਸ ਤਰ੍ਹਾਂ ਦੂਰ ਹੋ ਸਕਦੀ ਹੈ ? ਸਾਰਿਆਂ ਨੇ ਕਿਹਾ ਕਿ ਇਹ ਕੰਮ ਬੜਾ ਮੁਸ਼ਕਲ ਜਿਹਾ ਹੈ। ਇਸ ਦਾ ਤਾਂ ਇਹੀ ਇਲਾਜ ਹੈ ਕਿ ਜੇਕਰ ਅਸੀਂ ਸਵਰਨ ਸਮਾਜ ਤੋਂ ਜੁਦੇ ਹੋ ਕੇ ਅਤੇ ਆਪਣੇ ਪੁਰਾਣੇ ਨਾਵਾਂ ਨੂੰ ਛੱਡ ਕੇ ਨਵੇਂ ਨਾਂ ਦੀ ਸੁਸਾਇਟੀ ਬਣਾ ਕੇ ਦੇਸ਼ ਵਾਸੀਆਂ ਅਤੇ ਹਕੂਮਤਾਂ ਨੂੰ ਦਸੀਏ ਕਿ ਨਾਂ ਅਸੀਂ ਹਿੰਦੂ ਹਾਂ ਨਾ ਸਿੱਖ, ਨਾ ਈਸਾਈ ਅਤੇ ਨਾ ਹੀ ਮੁਸਲਮਾਨ ਹਾਂ। ਇਹਨਾਂ ਮਜ੍ਹਬਾਂ ਨਾਲ ਸਾਡਾ ਕੋਈ ਸਬੰਧ ਨਹੀਂ। ਅਸੀਂ ਦੇਸ ਵਿਚ ਸਭ ਤੋਂ ਵੱਖਰੇ ਹਾਂ। ਸਾਡੀ ਜਾਤ ਅਤੇ ਮਜ੍ਹਬ ਆਦਿ-ਧਰਮੀ ਹੈ। ਅਸੀਂ ਆਪਣੇ ਆਦਿ ਗੁਰੂ, ਸ੍ਰੀ ਗੁਰੂ ਰਵਿਦਾਸ, ਰਿਸ਼ੀ ਬਾਲਮੀਕ, ਕਬੀਰ ਭਗਵਾਨ, ਸਤਿਗੁਰੂ ਨਾਮ ਦੇਵ ਦੇ ਪੈਰੋਕਾਰ ਹੁੰਦੇ ਹੋਏ ਇਹਨਾਂ ਨੂੰ ਮੰਨਦੇ ਹਾਂ। ਸਾਡੇ ਇਹ ਇਸਟ ਗੁਰੂ ਸਿਵਾਏ ਆਦਿ ਪੁਰਖ ਪਰਮਾਤਮਾ ਤੋਂ ਕਿਸੇ ਦੇਵੀ ਦੇਵਤੇ ਅਵਤਾਰ ਪੈਗੰਬਰ ਵਗੈਰਾ ਦੇ ਪੈਰੋਕਾਰ ਨਹੀਂ ਹਨ। ਅਸੀਂ ਭੀ ਇਹਨਾਂ ਦੀ ਸੰਤਾਨ ਹੋ ਕੇ ਸਿਵਾਏ ਆਦਿਪੁਰਖ ਪਰਮਾਤਮਾ ਤੋਂ ਬਿਨਾ ਹੋਰ ਕਿਸੇ ਨੂੰ ਨਹੀਂ ਮੰਨਦੇ। ਇਹਨਾਂ ਸਾਰੀਆਂ ਗੱਲਾਂ ਦੀ ਖੋਜ ਕਰਕੇ

ਆਦਿ-ਧਰਮ ਦਾ ਨਾਦ ਵਜਾ ਦੇਈਏ। 11-12 ਜੂਨ 1926 ਨੂੰ ਆਪਣੀਆਂ ਸਭ ਸਰੇਣੀਆਂ ਨੂੰ ਇਕੱਠਾ ਕਰਕੇ ਸਾਰਿਆਂ ਅੱਗੇ ਇਹ ਮਤਾ ਪੇਸ਼ ਕਰੀਏ ਕਿ ਸਾਨੂੰ ਸਾਡੀ ਗਿਣਤੀ ਤੇ ਮੁਤਾਬਕ ਦੇਸ਼ ਦੇ ਅਧਿਕਾਰ ਹਿੰਦੂਆਂ ਤੋਂ ਅਲੱਗ ਦਿੱਤੇ ਜਾਣ।

ਇਸ ਮਤੇ ਦੇ ਬਾਰੇ 11-12 ਜੂਨ 1926 ਨੂੰ ਮੁਗੋਵਾਲ, ਥਾਣਾ ਮਹਿਲਪੁਰ, ਤਹਿਸੀਲ ਗੜ੍ਹਸੰਕਰ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਇੱਕ ਭਾਰੀ ਕਾਨਫਰੰਸ ਹੋਈ। ਇਸ ਕਾਨਫਰੰਸ ਵਿਚ ਜਲੰਧਰ ਅਤੇ ਹੁਸ਼ਿਆਰਪੁਰ ਦੇ 15-16 ਹਜ਼ਾਰ ਵਿਅਕਤੀ ਇਕਠੇ ਹੋਏ। ਉਨ੍ਹਾਂ ਵਲੋਂ ਆਦਿ-ਧਰਮ ਦਾ ਇਹ ਮਤਾ ਪੇਸ਼ ਕੀਤਾ ਗਿਆ। ਲੋਕ ਇਸ ਦੇ ਨਾਲ ਸਹਿਮਤ ਹੋ ਗਏ ਕਿ ਆਦਿ-ਧਰਮ ਸੁਸਾਇਟੀ ਜ਼ਰੂਰ ਚਲਾਉਣੀ ਚਾਹੀਦੀ ਹੈ। ਅਸੀਂ ਤੇਰੇ ਸਾਥੀ ਹਾਂ, ਅਸੀਂ ਹਰ ਤਰ੍ਹਾਂ ਨਾਲ ਤੇਰੀ ਸਹਾਇਤਾ ਕਰਾਂਗੇ। ਮੈਂ ਅਮਰੀਕਾ ਤੋਂ ਆਕੇ ਆਪਣੇ ਪਿੰਡ ਵਿਚ ਆਪਣੀ ਜਾਤੀ ਦਾ ਇੱਕ ਅਲੱਗ ਸਕੂਲ ਖੋਲ੍ਹਿਆ ਹੋਇਆ ਸੀ। ਉਥੋਂ ਹੀ ਆਦਿ-ਧਰਮ ਦਾ ਪ੍ਰਚਾਰ ਸ਼ੁਰੂ ਕੀਤਾ ਗਿਆ। ਕੁੱਝ ਮਹੀਨੇ ਤਾਂ ਉਥੋਂ ਹੀ ਪ੍ਰਚਾਰ ਕਰਦੇ ਰਹੇ। ਫੇਰ ਪਿੰਡ ਚੋਮੋ ਜ਼ਿਲ੍ਹਾ ਜਲੰਧਰ ਵਿਚ ਕਾਨਫਰੰਸ ਹੋਈ। ਜਿਸ ਵਿਚ ਦੋਵਾਂ ਜ਼ਿਲ੍ਹਿਆਂ (ਜਲੰਧਰ ਤੇ ਹੁਸ਼ਿਆਰਪੁਰ) ਦੇ ਮੰਨੇ-ਪ੍ਰਮੰਨੇ ਆਦਮੀ ਸ਼ਾਮਲ ਹੋਏ। ਉਸ ਕਾਨਫਰੰਸ ਦੇ ਪ੍ਰਧਾਨ ਚੌ. ਲਭੂ ਰਾਮ ਸੂਚੀ ਪਿੰਡ, ਜ਼ਿਲ੍ਹਾ ਜਲੰਧਰ ਵਾਲੇ ਸਨ। ਇਹ ਕਾਨਫਰੰਸ ਨਵੰਬਰ 1926 ਨੂੰ ਕੀਤੀ ਗਈ ਸੀ। ਉਥੇ ਸੁਸਾਇਟੀ ਚਲਾਉਣ ਵਾਸਤੇ ਚੌ. ਲਭ ਰਾਮ ਦੀ ਪ੍ਰਧਾਨਗੀ ਹੇਠ ਕਈ ਮਤੇ ਨਾ ਕੀਤੇ ਗਏ। ਇੱਕ ਮਤਾ ਪਾਸ ਹੋਇਆ ਕਿ ਸਾਰੀਆਂ ਛੋਟੀਆਂ ਕੌਮਾਂ ਆਪਣੇ ਆਪ ਆਦ-ਧਰਮੀ ਕਹਾਉਣ ਅਤੇ ਲਿਖਾਣ। ਕੋਈ ਭੀ ਆਪਣੇ ਆਪ ਨੂੰ ਹਿੰਦੂ ਨਾ ਲਿਖਵਾਏ।




ਪ੍ਰਧਾਨ ਜੀ ਨੇ ਅਖੀਰ ਵਿਚ ਬੇਨਤੀ ਕੀਤੀ ਕਿ ਦੋਹਾਂ ਜ਼ਿਲ੍ਹਿਆਂ ਦੇ ਆਦਮੀ ਇਸ ਕਥਾ ਦੀ ਮਦਦ ਕਰਨ ਅਤੇ ਕੰਮ ਕਰਨ ਵਾਲਿਆਂ ਦੇ ਹੌਂਸਲੇ ਵਧਾਉਣ ਅਤੇ ਦੋ ਆਨੇ ਪਰਤੀ ਉਗਰਾਹੀ ਦੇਣ। ਸਾਥ ਹੀ ਦੱਸਿਆ ਕਿ ਸੁਸਾਇਟੀ ਦਾ ਕੰਮ ਜਲੰਧਰ ਸ਼ਹਿਰ ਜਾਰੀ ਕੀਤਾ ਜਾਵੇ। ਇਸ ਦੇ ਮੁਤਾਬਕ ਅਸੀਂ ਰੇਲਵੇ ਰੋਡ ਤੇ 20 ਰੁਪਏ ਨੂੰ ਕਿਰਾਏ ਤੇ ਲੈ ਕੇ 'ਆਦਿ-ਧਰਮ ਮੰਡਲ ਆਫ ਪੰਜਾਬ' ਦਾ ਦਫਤਰ ਖੋਲ੍ਹ ਦਿੱਤਾ। ਇਥੇ ਮੇਰੇ ਸਾਥੀ ਠਾਕੁਰ ਚੰਦ ਸਕੱਤਰ ਆਫ ਪੰਜਾਬ ਆਦ-ਧਰਮ ਮੰਡਲ, ਰਾਮ ਚੰਦ ਖੇੜਾ ਹਸਿਆ ਕਲਰਕ, ਸਵਾਮੀ ਸੂਦਰਾ ਨੰਦ ਜਲੰਧਰ ਅਤੇ ਗੁਰਬਚਨ ਸਿੰਘ ਸਰਆਲਾ ਹੁਸ਼ਿਆਰਪੁਰ, ਬਸੰਤ ਰਾਏ ਪੰਡੋਰੀ ਨਿਝਰਾਂ ਜ਼ਿਲ੍ਹਾ ਜਲੰਧਰ, ਸੰਤ ਗਨੋਬਦਾਸ ਹਰੀਪੁਰ ਜ਼ਿਲ੍ਹਾ ਜਲੰਧਰ, ਸੰਤ ਗੋ ਦਾਸ ਭਰਪੂਰ ਪਿੰਡ ਲੰਗੇਰੀ ਜ਼ਿਲ੍ਹਾ ਹੁਸ਼ਿਆਰਪੁਰ, ਹੰਸ ਰਾਜ ਪਰੇਮ ਗੜ੍ਹ ਹੁਸ਼ਿਆਰਪੁਰ ਅਤੇ ਮੈਨੂੰ ਮੰਡਲ ਦਾ ਪ੍ਰੈਜੀਡੈਂਟ ਚੁਣਿਆ ਅਤੇ ਹੰਸ ਰਾਜ ਪ੍ਰੇਮ ਗੜ੍ਹੀਏ ਨੂੰ ਵਾਈਸ ਪ੍ਰੈਜੀਡੈਂਟ ਚੁਣ ਗਿਆ। ਸੂਦਰ ਨੰਦ, ਗੁਰਬਚਨ ਸਿੰਘ, ਗੋਪਾਲ ਦਾਸ, ਬਸੰਤ ਰਾਮ, ਗਣੇਸ ਦਾਸ ਇਹ ਸੀ ਪ੍ਰਚਾਰਕ ਬਣੇ ਅਤੇ ਸਾਥ ਹੀ ਮੰਡਲ ਦੀ ਪ੍ਰਬੰਧਕ ਕਮੇਟੀ ਬਣਾਈ ਗਈ ਜਿਸ ਦੇ ਪ੍ਰਧਾਨ ਦੇ ਲਭੂ ਰਾਮ ਸੂਚੀ ਪਿੰਡ। ਉਪ ਪ੍ਰਧਾਨ 'ਚੋਂ ਸੁੰਦਰ ਦਾਸ ਧਨਾਡ ਬੂਟਾ ਮੰਡੀ, ਖਜ਼ਾਨਚੀ ਦਾ ਕਿਸ਼ਨ ਦਾਸ ਬੂਟਾਂ ਮੰਡੀ ਅਤੇ ਮੈਂਬਰ ਆਤਮਾ ਰਾਮ, ਮੀਹਾਂ ਰਾਮ, ਲੱਕੂ ਰਾਮ, ਸਾਧੂ ਰਾਮ, ਹਰ ਰਾਮ ਦਾਸ ਸ਼ਹਿਰ ਜਲੰਧਰ, ਚੌਧਰੀ ਗੋਪਾਲ ਦਾਸ ਸੂਚੀ ਪਿੰਡ, ਹਬੀਰਾ ਰਾਮ ਅਤੇ ਜੀਨ ਮੈਨ ਸੂਚੀ ਪਿੰਡ, ਰੇਰੂ ਤੋਂ ਮਹਿੰਗਾ ਰਾਮ ਜ਼ਿਲ੍ਹਾ ਜਲੰਧਰ, ਮਿਲਖੀ ਰਾਮ ਬੁਲੇਨਾ, ਨਾਮਾ ਰਾਮ ਭੇਜੋਵਾਨ ਸੂਬਾ ਰਾਮ ਤਾਜਪੁਰ, ਮਨਸਾ ਰਾਮ ਕਾਦੀਆਂ, ਭੋਲਾ ਰਾਮ, ਉਤਮ ਚੰਦ ਬਿਆਸ ਪਿੰਡ, ਸਾਧੂ ਰਾਮ ਐਮਾ, ਈਸਰ ਦਾਸ ਸੋਖੀ ਪਿੰਡ, ਸਾਈਂਦਾਸ ਚੱਕ ਹਕੀਮ, ਦਿੱਤੂ ਰਾਮ, ਮੁਸਾਹਬਪੁਰ ਮੁਕੇਰੀਆਂ

ਗਹਿਣਾ ਰਾਮ ਝਮੀਣ ਪੰਡੋਰੀ, ਨਾਨਕ ਚੰਦ, ਰੰਬਲ ਰਾਮ ਦਾਤਾਰ ਪੁਰ, ਮਸੰਦ ਗੁਰਬਚਨ ਦਾ ਘੁਗਰਾਲਾ, ਧਨੂੰ ਰਾਮ ਮੁਗੋਵਾਲ ਜੰਡਾ ਰਾਮ ਘਨਾਰੀ, ਸੰਤਰਾਮ ਠੇਕੇਦਾਰ ਅਮਰੋਹ ਇਹਨਾਂ ਤੇ ਇਲਾਵਾ ਹੋਰ ਵੀ ਬਹੁਤ ਸਾਰੇ ਮੰਨੇ ਪ੍ਰਮੰਨੇ ਪ੍ਰਧਾਨ ਸ਼ਾਮਲ ਸਨ। ਜਿਨ੍ਹਾਂ ਦਾ ਵੇਰਵਾ ਮੈਂ ਆਪਣੇ ਜੀਵਨ ਬਿਤਾਂਤ ਵਿਚ ਦੇਵਾਂਗਾ। ਇਥੇ ਮੰਡਲ ਦੀ ਕਾਰਵਾਈ ਬੜੇ ਜ਼ੋਰ ਜ਼ੋਰ ਨਾਲ ਚਲਦੀ ਰਹੀ। ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੇ ਪਿੰਡਾਂ ਵਿਚ ਕਈ ਤਰ੍ਹਾਂ ਦੀਆਂ ਔਕੜਾ ਖੜ੍ਹੀਆਂ ਕਰ ਦਿੱਤੀਆਂ। ਆਦ-ਧਰਮੀ ਕਹਾਉਣ ਵਾਲੇ ਨੂੰ ਤਕਲੀਫ ਦੇਣ ਲੱਗ ਪਏ। ਅਸੀਂ ਵੀ ਕਾਨਫਰੰਸਾਂ ਕਰਕੇ ਆਪਣੇ ਹੱਕ ਹਿੰਦੂਆਂ ਤੋਂ ਮੰਗਣ ਲੱਗ ਪਏ। 1928 ਵਿਚ ਰਾਇਲ ਕਮਿਸ਼ਨ ਦੇ ਆਉਣ ਦਾ ਅਖਬਾਰਾਂ ਰਾਹੀਂ ਪਤਾ ਲਗਾ ਤਾਂ ਅਸੀਂ ਵੀ ਮੰਡਲ ਵਲੋਂ ਆਪਣਾ ਡੈਪੂਟੇਸ਼ਨ ਰਾਇਲ ਕਮਿਸਨ ਅਗੇ ਪੇਸ਼ ਕਰਨ ਦੀ ਤਿਆਰੀ ਕਰ ਦਿੱਤੀ।

ਧੰਨਵਾਦ ਸਹਿਤ ਪੁਸਤਕ ਸ਼ਤਾਬਦੀ ਨੂੰ ਸਮਰਪਿਤ
.ਗਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ-ਧਰਮ
(ਮੌਲਿਕ ਲਿਖਤਾਂ) 'ਚੋਂ

HI-TECH CLASSES
TUTION CENTRE BHOGPUR
Admissions Open For New Batches Which Will Be
Starting On 1st July 2025
*1st to 5th Class All Subjects *9th To 10th Class Maths (Only)
*6th to 8th Class English And Maths (Only)
For More Infomation Please Contact 6284938848 9501574556

ਸਤਿਗੁਰੂ ਕਬੀਰ ਜੀ ਦੇ 627ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
R.R. FINANCE CORP.
ਇਥੇ ਹਰ ਤਰ੍ਹਾਂ ਦੇ ਅਸਾਨ ਕਿਸ਼ਤਾਂ ਤੇ ਘੱਟ ਵਿਆਜ਼ ਦਰ ਤੇ ਲੋਨ ਕੀਤੇ ਜਾਂਦੇ ਹਨ।
ਚੋਪੜਾ ਇੰਟਰਪ੍ਰਾਈਜ਼ਿਜ਼ ਵਾਲੀ ਗਲੀ, ਆਦਮਪੁਰ ਰੋਡ, ਭੋਗਪੁਰ, ਮੋ. 82839-56202

ਚੋਪੜਾ ਇੰਟਰਪ੍ਰਾਈਜ਼ਜ਼
ਪ੍ਰੋਪ : ਤੇਜਿੰਦਰ ਚੋਪੜਾ
ਨੇੜੇ ਰੇਲਵੇ ਫਾਟਕ, ਭੋਗਪੁਰ (ਜਲੰਧਰ), ਮੋ. 70871-50013
ਇਥੇ ਸੀ.ਸੀ.ਟੀ.ਵੀ. ਕੈਮਰੇ ਅਤੇ ਬਿਜਲੀ ਦੇ ਸਾਮਾਨ ਇਨਵਰਟਰ, ਬੈਟਰੀ, ਏ.ਸੀ., ਕੂਲਰ ਨਗਦ ਅਤੇ ਅਸਾਨ ਕਿਸ਼ਤਾਂ 'ਤੇ ਉਪਲਬਧ ਹਨ।

CHOPRA MEDICOSE
ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਾਲੀ ਗਲੀ, ਗੁਰੂ ਨਾਨਕ ਨਗਰ, ਭੋਗਪੁਰ। ਮੋ. 9465186522

# ਬੇਇਨਸਾਫੀ ਖਿਲਾਫ ਬਗਾਵਤ ਦਾ ਨਾਮ ਸ਼ਹੀਦ ਯੋਧਾ ਫੂਲਨ ਦੇਵੀ

ਭਾਰਤ ਦੇ ਮੂਲਵਾਸੀ ਸਮਾਜ ਦੀਆਂ ਔਰਤਾਂ ਨੂੰ ਸਹੀਦ ਯੋਧਾ ਫੂਲਨ ਦੇਵੀ ਦੇ ਜੀਵਨ ਅਤੇ ਸੰਘਰਸ਼ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਇਸ ਵਾਸਤੇ ਉਨਾਂ ਨੂੰ ਯੋਧਾ ਫੂਲਨ ਦੇਵੀ ਦੇ ਜੀਵਨ ਇਤਿਹਾਸ ਨੂੰ ਪੜ੍ਹਨਾ ਪਵੇਗਾ। 1994 ਵਿੱਚ ਬਣੀ ਫਿਲਮ ਬੈਂਡਿਡ ਕੁਵੀਨ ਯੋਧਾ ਫੂਲਨ ਦੇਵੀ ਦੇ ਜੀਵਨ ਇਤਿਹਾਸ ਨੂੰ ਦਰਸਾਉਂਦੀ ਹੈ। ਲੋਕਾਂ ਨੇ ਉਸ ਨੂੰ "ਸੁਰੱਖਿਆ ਦੀ ਦੇਵੀ" ਦਾ ਸਨਮਾਨ ਵੀ ਦਿੱਤਾ। ਆਓ ਉਸਦੇ ਜੀਵਨ ਤੇ ਸੰਖੇਪ ਝਾਤ ਮਾਰੀਏ।

**ਪੇਸ਼ਕਸ਼ : ਚਰਨਜੀਤ ਸਿੰਘ ਬਿਨਪਾਲਕੇ**

ਯੋਧਾ ਫੂਲਨ ਦੇਵੀ ਪੂਰੇ ਦੇਸ਼ ਲਈ ਇੱਕ ਪ੍ਰਸਿੱਧ ਨਾਮ ਹੈ। ਸਮਾਜਿਕ ਬੇਇਨਸਾਫੀਆਂ ’ਚੋਂ ਉਪਜਿਆ ਉਸ ਦਾ ਬਾਗੀਪੁਣਾ ਉਸ ਨੂੰ ਪ੍ਰਸਿੱਧੀ ਦਿਵਾ ਗਿਆ। ਯੋਧਾ ਫੂਲਨ ਦੇਵੀ ਦਾ ਜਨਮ 10 ਅਗਸਤ 1963 ਨੂੰ ਉੱਤਰ ਪ੍ਰਦੇਸ਼ ਦੇ ਜਲੌਣ ਜ਼ਿਲ੍ਹੇ ਵਿਚ ਪੈਂਦੇ ਯਮੁਨਾ ਨਦੀ ਦੇ ਕਿਨਾਰੇ ਵਸੇ ਪਿੰਡ ਗੋੜਾ ਕਾ ਪੂਰਵਾ ਵਿਖੇ ਪਿਤਾ ਦੇਵੀ ਦੀਨ ਦੇ ਘਰ ਮਲਾਹ ਜਾਤੀ ਆਖੇ ਜਾਂਦੇ ਮਛੇਰਿਆਂ ਦੇ ਪਰਿਵਾਰ ਵਿੱਚ ਹੋਇਆ। ਉਹ ਕਿਸੇ ਜ਼ਿੰਮੀਂਦਾਰ ਦੇ ਘਰ ਕੰਮ ਕਰਦੀ ਸੀ। ਜ਼ਿੰਮੀਂਦਾਰ ਦਾ ਪੁੱਤਰ ਉਸ ਨਾਲ ਗਲਤ ਹਰਕਤਾਂ ਕਾਰਨ ਥੱਪੜ ਮਾਰਨ ਤੇ ਪੰਚਾਇਤ ਨੇ ਫੂਲਨ ਨੂੰ ਦੋਸ਼ੀ ਗਰਦਾਨ ਕੇ ਛਿੱਤਰ ਮਾਰਨ ਦੀ ਸਜ਼ਾ ਦਿੱਤੀ। ਇਸ ਤੋਂ ਬਾਅਦ ਫੂਲਨ ਦੇਵੀ ਉੱਤੇ ਜ਼ੁਲਮਾਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਆਖਰ ਫੂਲਨ ਡਾਕੂ ਬਣ ਗਈ। ਫੂਲਨ ਆਪਣਾ ਗਰੋਹ ਬਣਾ ਲਿਆ ਉਹ ਗਰੀਬਾਂ ਮਜਲੂਮਾਂ ਦੀ ਸਹਾਇਤਾ ਕਰਨ ਲੱਗੀ। ਥੋੜ੍ਹੇ ਸਮੇਂ ਵਿੱਚ ਹੀ ਚੰਬਲ ਦੇ ਇਲਾਕੇ ਵਿੱਚ ਉਸਦੇ ਨਾਂ ਦੀ ਤੂਤੀ ਬੋਲਣ ਲੱਗ ਪਈ।



ਯੋਧਾ ਫੂਲਨ ਦੇਵੀ ਉੱਪਰ ਉਸ ਸਮੇਂ ਤੱਕ 48 ਕੇਸ ਦਰਜ ਸਨ। ਡਾਕੂ ਫੂਲਨ ਨੂੰ ਪਕੜਨ ਦੀ ਯੋਜਨਾ ਸਫਲ ਨਾ ਹੋ ਸਕੀ ਕਿਉਂਕਿ ਉਸ ਇਲਾਕੇ ਦੇ ਗਰੀਬ ਲੋਕ ਉਸ ਦੀ ਸਹਾਇਤਾ ਸਨ। ਕੇਂਦਰ ਸਰਕਾਰ ਨੇ ਉਸ ਤੋਂ ਆਤਮ ਸਮਰਪਣ ਕਰਵਾ ਲਿਆ। ਦਲਿਤ ਜਥੇਬੰਦੀਆਂ ਵੱਲੋਂ ਉਸ ਦੇ ਹੱਕ ਵਿੱਚ ਅਵਾਜ਼ ਉਠਾਏ ਜਾਣ ਪਿੱਛੋਂ 1994 ਵਿੱਚ ਉਸ ਦੀ ਜ਼ਮਾਨਤ ’ਤੇ ਰਿਹਾਈ ਹੋਈ। ਰਿਹਾਈ ਤੋਂ ਬਾਅਦ ਫੂਲਨ ਨੇ ਬੁੱਧ ਧਰਮ ਅਪਣਾਇਆ ਅਤੇ ਉਮੈਦ ਸਿੰਘ ਨਾਲ ਵਿਆਹ ਕਰਵਾ ਲਿਆ। 1996 ਵਿੱਚ ਉਹ ਭਾਰਤ ਦੀ ਪਾਰਲੀਮੈਂਟ ਲਈ ਮੈਂਬਰ ਵਜੋਂ ਮਿਰਜਾਪੁਰ ਸੀਟ ਤੋਂ ਚੁਣੀ ਗਈ। ਫਿਰ ਉਹ ਦੁਬਾਰਾ 1999 ਵਿੱਚ ਵੀ ਸੰਸਦ ਮੈਂਬਰ ਚੁਣੀ ਗਈ। ਦੇਸ ਦੀ ਰਾਜਧਾਨੀ ਦੇ ਅਤਿ ਸੁਰੱਖਿਆ ਵਾਲੇ ਇਲਾਕੇ ਵਿੱਚ 25 ਜੁਲਾਈ 2001 ਨੂੰ ਠਾਕੁਰ ਜਾਤੀ ਦੇ ਤਿੰਨ ਵਿਅਕਤੀਆਂ ਦੁਆਰਾ ਗੋਲੀਆਂ ਮਾਰ ਕੇ ਮਾਰ ਦਿੱਤਾ ਗਿਆ। ਇਸ ਸਮੇਂ ਫੂਲਨ ਦੀ ਉਮਰ ਸਿਰਫ 37 ਸਾਲ ਦੀ ਸੀ। ਭਾਵੇਂ ਯੋਧਾ ਫੂਲਨ ਦੇਵੀ ਦਾ ਕਤਲ ਹੋ ਗਿਆ ਪਰ ਉਹ ਅਜੇ ਵੀ ਦੱਬੇ-ਕੁਚਲੇ ਲੋਕਾਂ ਨੂੰ ਸਿਰ ਝੁਕਾ ਕੇ ਤੁਰਨ ਦੀ ਬਜਾਏ ਅਣਖ ਨਾਲ ਜਿਉਣਾ ਸਿਖਾਉਂਦੀ ਹੈ।